ਭਾਈ ਘਨੱਈਆ

# ਸੇਵਾ ਜੋਤੀ

ਅਗਸਤ 2002

## ਤੇਰੇ ਭਾਣੇ ਸਰਬਤ ਦਾ ਭਲਾ

# ੴ

ਮੁੱਖ ਸਰਪ੍ਰਸਤ :
ਸੰਤ ਬਾਬਾ [illegible] ਸਿੰਘ 'ਸੇਵਾ ਪੰਥੀ'

ਪ੍ਰਬੰਧਕੀ ਸੰਪਾਦਕ
ਭੁਪਿੰਦਰ ਸਿੰਘ 'ਸੇਵਾ ਪੰਥੀ'

Satguru Jagjit Singh Ji eLibrary NamdhariElibrary@gmail.com

# ਬਾਬਾ ਜੀ ਦੁਆਰਾ ਧਰਮਸਾਲਾ ਵਿਖੇ ਕੀਤੇ ਗਏ ਧਰਮ ਪ੍ਰਚਾਰ ਦੀਆਂ ਸਚਿਤਰ ਝਲਕੀਆਂ




ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਗੁਰਦੁਆਰਾ ਸਿੰਘ ਸਭਾ ਧਰਮਸਾਲਾ ਦਾ ਉਦਘਾਟਨ ਕਰਦੇ ਹੋਏ । ਪ੍ਰਮੁੱਖ ਸੇਵਾਦਾਰ ਅਤੇ ਹੋਰ ਪਤਵੰਤੇ ਸਜਣ ਨਜ਼ਰ ਆ ਰਹੇ



ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਡਾ. ਗੁਰਮੁੱਖ ਸਿੰਘ ਜੀ ਦੁਆਰਾ ਸੰਪਾਦਿਤ 'ਪਰਚੀਆ ਫਕੀਰਾਂ ਦੀਆਂ' ਰਲੀਜ਼ ਕਰਦੇ ਹੋਏ ।



ਬਾਬਾ ਜੀ ਗੁਰੂ ਨਾਨਕ ਪਾਠਸ਼ਾਲਾ ਦੇ ਬੱਚਿਆਂ ਨੂੰ ਇਨਾਮ ਵੰਡਦੇ ਹੋਏ ਸਕੂਲ ਦੇ ਮੁਖੀ ਅਤੇ ਸਟਾਫ ਮੈਂਬਰ ਨਾਲ ਸ਼ਾਮਿਲ ਹਨ

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 19ਵਾਂ  ਅੰਕ : ਨੌਵਾਂ  ਅਗਸਤ 2002  ਕੀਮਤ : ਅਮੁੱਲ



ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਜਨ ਸਿੰਘ ਘੁਲਿਆਣੀ ਮੋਬਾ: 98140-94817, ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ. ਐਸ. ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ

ਸੰਪਾਦਕੀ ਬੋਰਡ

ਪ੍ਰਬੰਧਕੀ ਸੰਪਾਦਕ : ਭੁਪਿੰਦਰ ਸਿੰਘ 'ਸੇਵਾ ਪੰਥੀ' Ph. 262657
e-mail : bhupindersp@rediffmail.com

ਮੁੱਖ ਸੰਪਾਦਕ : ਚਮਨ ਸਿੰਘ "ਚਮਨ" Mobile : 98140-75504

ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਭਾਦੁਇ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਬੇਦਖਲੀ ਨੋਟਿਸ | ਮਹੰਤ ਬਲਵੀਰ ਸਿੰਘ | 5 |
| ਪ੍ਰੋਗਰਾਮ ਸਾਲਾਨਾ ਯੱਗ ਸਮਾਗਮ ਯਮੁਨਾਗਰ ਤੇ ਕਲਾਨੌਰ | ਮਹੰਤ ਜਗਮੋਹਨ ਸਿੰਘ ਤੇ ਮਹੰਤ ਹਰਨਾਮ ਸਿੰਘ | 6 |
| ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ ਅੰਮ੍ਰਿਤਸਰ | ਸਕੱਤਰ ਕਾਨਫਰੰਸ | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਵਿਦੇਸ਼) | ਸ: ਐਮ. ਐਸ. ਸਾਹਨੀ | 8 |
| ਕਥਾ ਸੁਖਮਨੀ ਸਾਹਿਬ (ਕਿਸਤ ਨੰ: 61) | ਮਹੰਤ ਤੀਰਥ ਸਿੰਘ 'ਸੇਵਾ ਪੰਥੀ | 9 |
| ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: 36) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਅਸ਼ਟਮ ਬਲਬੀਰਾ | ਪ੍ਰਿੰ: ਸਤਿਬੀਰ ਸਿੰਘ | 13 |
| ਕੇਸ ਮੁੰਡਾਉਣ ਤੇ ਤੰਬਾਕੂ ਨੋਸ਼ੀ ਸੰਬੰਧੀ | ਗਿ: ਕਰਤਾਰ ਸਿੰਘ ਸੁਰੱਹਦੀ | 19 |
| ਕੇਸ਼ਾ ਧਾਰੀ ਬੁਧੀ ਜੀਵੀਆਂ ਤੇ ਇੱਕ ਝਾਤ | ਨਿਰਮਲ ਸਿੰਘ ਨੂਰ | 26 |
| ਮਹੱਤਵ ਪੂਰਨ ਜਾਣਕਾਰੀ | ਨਿਰਮਲ ਸਿੰਘ ਨੂਰ | 28 |
| ਗੁਰਦੁਆਰਾ ਧਰਮਸਾਲਾ | ਸਵਰਨਜੀਤ ਸਿੰਘ ਸਕੱਤਰ | 33 |
| बाबाणीयां कहाणीयां | जोगिन्दर सिंह सागर | 35 |
| ਵਰ - ਘਰ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 38 |
| ਸੇਵਾ ਜੋਤੀ ਦੇ ਮੈਂਬਰਾਂ ਦੀ ਸੂਚੀ | ਸਹਾਇਕ ਸੰਪਾਦਕ | 39 |
| ਜਾਣਕਾਰੀ ਗ. ਹ. ਪ. ਸਕੂਲ ਬੀ. ਏ. ਐਸ. ਜੀ. ਕਾਲਜ | ਪ੍ਰਬੰਧਕੀ ਸੰਪਾਦਕ | 40 |





Sri Satguru Jagjit Singh Ji eLibrary  NamdhariElibrary@gmail.com

੧ੴ ਸਤਿਗੁਰ ਪ੍ਰਸਾਦਿ ॥

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਭਾਦੁਇ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

| | | | | |
|---|---|---|---|---|
| ਸੰਮਤ ਬਿਕ੍ਰਮੀ 2059 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਮੱਸਿਆ | 8 ਅਗਸਤ |
| ਸੰਮਤ ਨਾਨਕਸ਼ਾਹੀ 533 | | ਪੰਚਮੀ | 13 ਅਗਸਤ |
| ਸੰਮਤ ਖ਼ਾਲਸਾ 304 | ਅਗਸਤ | ਸੰਗਰਾਂਦ | 16 ਅਗਸਤ |
| ਸੰਮਤ ਸਾਕਾ 1924 | 2002 | ਪੂਰਨਮਾਸ਼ੀ | 22 ਅਗਸਤ |

- ✤ ਅਵਤਾਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ — 2 ਅਗਸਤ ਸ਼ੁਕਰਵਾਰ
- ✤ ਅਜ਼ਾਦੀ-ਦਿਨ ਸ੍ਰੀ ਦੁਰਗਾ ਅਸ਼ਟਮੀ — 15 ਅਗਸਤ ਵੀਰਵਾਰ
- ✤ ਰੱਖੜੀ ਮੇਲਾ ਬਾਬਾ ਬਕਾਲਾ — 22 ਅਗਸਤ ਵੀਰਵਾਰ
- ✤ ਬਰਸੀ ਸੰਤ ਈਸ਼ਰ ਸਿੰਘ ਜੀ ਰਾੜਾ ਸਾਂਹਿਬ ਜੀ — 26 ਅਗਸਤ ਸੋਮਵਾਰ
- ✤ ਬਰਸੀ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ — 28 ਅਗਸਤ ਬੁਧਵਾਰ
- ✤ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ — 30-31 ਅਗਸਤ ਸ਼ੁਕਰ-ਸ਼ਨੀਵਾਰ


Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਜੀਵਨ - ਮਨੋਰਥ

ਆਮ ਤੌਰ ਤੇ ਪ੍ਰਾਣੀ ਦੇ ਚਲਾਣੇ ਤੋਂ ਬਾਦ ਗੁਰਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਅੰਤਮ ਅਰਦਾਸ ਸੰਪੰਨ ਕੀਤੀ ਜਾਂਦੀ ਹੈ। ਇਸ ਮੌਕੇ ਸੰਤ ਮਹਾਪੁਰਖਾਂ ਵੱਲੋਂ ਜੋ ਪ੍ਰਵਚਨ ਕੀਤੇ ਜਾਂਦੇ ਹਨ, ਉਨ੍ਹਾਂ ਵਿੱਚ ਮਨੁੱਖ ਦੇ 'ਜੀਵਨ ਮਨੋਰਥ' ਨੂੰ ਗੁਰਬਾਣੀ ਦੇ ਆਧਾਰ ਤੇ ਉਜਗਾਰ ਕੀਤਾ ਜਾਂਦਾ ਹੈ। ਸਾਰ ਅੰਸ਼ ਸੇਵਾ ਜੋਤੀ ਦੇ ਪਾਠਕਾਂ ਦੇ ਭੇਂਟ ਹੈ :

ਹਰ ਮਨੁੱਖ ਦਾ ਜਨਮ ਕਿਸੇ ਉਚੇ ਸੁੱਚੇ ਮਕਸਦ ਲਈ ਹੁੰਦਾ ਹੈ। 'ਪ੍ਰਾਣੀ ਤੂੰ ਆਇਆ ਲਾਹਾ ਲੈਣ'। ਇਹ ਲਾਹਾ ਕਿਸ ਚੀਜ ਦਾ ਹੈ ? ਵਨਜ਼-ਵਪਾਰ ਦਾ ਨਹੀਂ, ਧੰਨ ਦੌਲਤ ਦਾਂ ਨਹੀਂ, ਪੁੱਤਰਾਂ, ਧੀਆਂ, ਜਮੀਨ-ਜਾਇਦਾਦ ਦਾ ਨਹੀਂ। ਇਸ ਲਾਹੇ ਦਾ ਲੇਖਾ ਹੀ ਵੱਖ ਹੈ। ਤਾਹੀਓਂ ਤਾ ਕਿਹਾ ਹੈ "ਨਾਨਕ ਲੇਖੇ ਇੱਕ ਗਲ ਹੋਰ ਹਉਮੈ ਝਖਣਾਝਾਖ" ਇਹ ਗਲ ਹੈ ਉਸ ਦਾ ਨਾਮ-ਉਸ ਦਾ ਸਿਮਰਨ-ਉਸ ਦੀ ਭਗਤੀ। ਕਿਉਂ ਕਿ 'ਸੁਖ ਨਾਹੀ ਰੇ ਹਰਿ ਭਗਤਿ ਬਿਨਾਂ'

"ਸੁਖੁ ਨਾਹੀ ਬਹੁਤੈ ਧਨਿ ਖਾਟੇ ॥"

ਗੁਰਬਾਣੀ ਵਿੱਚ ਕਈ ਥਾਈ ਬਾਰ ਬਾਰ ਇਹ ਹਦਾਇਤ ਹੈ ਕਿ ਇਹ ਮਨੁੱਖਾ ਦੇਹੀ ਕਿਸੇ ਚੰਗੇ ਉਦੇਸ਼ ਲਈ ਮਿਲੀ ਹੈ। ਇਸ ਨੂੰ ਐਵੇ ਨਾਂ ਗਵਾਓ।

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਗੁਰ ਇਤਿਹਾਸ ਵਿੱਚ ਇਕ ਸਾਖੀ ਹੈ : ਇਕ ਦਿਨ ਜਦ ਗੁਰੂ ਅਮਰਦਾਸ ਜੀ ਘੋੜੀ ਤੇ ਚੜ੍ਹੇ ਜਾ ਰਹੇ ਸਨ ਤਾਂ ਉਨ੍ਹਾਂ ਵੇਖਿਆ ਕਿ ਕੰਧ ਮੀਂਹ ਕਾਰਣ ਭੁਰਦੀ ਜਾ ਰਹੀ ਹੈ ਤੇ ਜਰਜਰੀ ਹਾਲਤ ਵਿੱਚ ਹੈ ਅਤੇ ਕਿਸੇ ਵੇਲੇ ਡਿੱਗ ਸਕਦੀ ਹੈ। ਗੁਰੂ ਜੀ ਉਸ ਕੋਲੋ ਛੇਤੀ ਨਾਲ ਘੋੜੀ ਦੁੜਾ ਕੇ ਲੰਘ ਗਏ। ਜੋ ਸਿਖ ਨਾਲ ਸਨ ਉਨ੍ਹਾਂ ਵਿੱਚੋਂ ਕੁਝਕੁ ਨੇ ਮਹਾਰਾਜ ਦੀ ਆਪਣੀ ਤੁਕ ਪੜ੍ਹੀ।

ਜਮਕਾਲੁ ਤਿਸੁ ਨੇੜਿ ਨ ਆਵੈ ॥
ਜੋ ਹਰਿ ਹਰਿ ਨਾਮੁ ਧਿਆਵਣਿਆ ॥ (ਮਾਝ ਅਸ਼ਟ : ਮਹਲਾ ੩)

ਫਿਰ ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਸਹਿਤ ਪ੍ਰਸ਼ਨ ਕੀਤਾ : "ਮਹਾਰਾਜ ਕਾਲ ਤੁਹਾਡੇ ਵਸ ਵਿੱਚ ਹੈ, ਤੁਸੀਂ ਅਵਸਥਾ ਭੋਗ ਲਈ ਹੈ, ਤੁਹਾਡੇ ਵਿੱਚ ਹੰਕਾਰ ਤੇ ਖੁਦਗਰਜ਼ੀ ਨਹੀਂ, ਫਿਰ ਤੁਸੀਂ ਖਤਰੇ ਵਾਲੀ ਕੰਧ ਕੋਲੋਂ ਛੇਤੀ ਨਾਲ ਕਿਉਂ ਲੰਘੇ ਸਾਓ ?।" ਗੁਰੂ ਜੀ ਬੋਲੇ "ਅਸੀਂ ਕੇਵਲ ਅਪਣੇ ਸਿੱਖਾਂ ਨੂੰ ਇਹ ਸਿਖਿਆ ਦੇਣੀ ਚਾਹੁੰਦੇ ਹਾਂ ਕਿ ਮਨੁੱਖੀ ਜੀਵਨ ਜਿਸ ਨੂੰ ਪ੍ਰਾਪਤ ਕਰਨਾ ਕਠਿਨ ਹੈ ਅਤੇ ਜਿਸ ਨੂੰ ਦੇਵਤੇ ਵੀ ਪ੍ਰਾਪਤ ਕਰਨ ਲਈ ਤਰਸਦੇ ਹਨ- ਨੂੰ ਬਚਾਉਣਾ ਸਾਡਾ ਧਰਮ ਹੈ। ਪਰ ਜਦ ਸ਼ਰੀਰ ਨਾਸ਼ ਹੋ ਜਾਂਦਾ ਹੈ ਤਾਂ ਫਿਰ ਸਾਡਾ ਪਰਮਾਤਮਾ ਲਈ ਜੋ ਫਰਜ਼ ਹੈ ਅਸੀਂ ਪੂਰਾ ਨਹੀਂ ਕਰ ਸਕਦੇ। ਮਹਾਤਮਾ ਪੁਰਸ਼ ਆਪਣੇ ਸਰੀਰ ਪਾਸੋਂ ਅਣਗਿਣਤ ਲਾਭ ਪ੍ਰਾਪਤ ਕਰਦੇ ਹਨ। ਉਹ ਸਰੀਰ ਨਾਲ ਹੀ ਸਾਧੂ ਸੰਤਾਂ ਦੀ ਸੇਵਾ ਕਰਦੇ ਹਨ, ਵਾਹਿਗੁਰੂ ਦਾ ਨਾਮ ਜਪਦੇ ਹਨ ਅਤੇ ਬ੍ਰਹਮ ਗਿਆਨ ਤੇ ਮੁਕਤੀ ਪ੍ਰਾਪਤ ਕਰਦੇ ਹਨ। ਸਭ ਨੂੰ ਇਸ ਸਰੀਰ ਦੀ ਰਖਿਆ ਕਰਨੀ ਚਾਹੀਦੀ ਹੈ। ਇਸ ਨਾਲ ਅਸੀਂ ਦੂਜਿਆਂ ਦਾ ਭਲਾ ਕਰਦੇ ਹਾਂ। ਅਤੇ ਇਸੇ ਨਾਲ ਹੀ ਅਸੀਂ ਇਸ ਸੰਸਾਰ ਵਿੱਚ ਸੁਖ ਅਤੇ ਅੱਗੇ ਲਈ ਮੁਕਤੀ ਪ੍ਰਾਪਤ ਕਰਦੇ ਹਾਂ। ਇਸੇ ਵਿਸ਼ੇ ਤੇ ਗੁਰੂ ਅਰਜਨ ਸਾਹਿਬ ਆਪਣੀ ਬਾਣੀ ਵਿੱਚ ਇਸ ਪ੍ਰਕਾਰ ਫੁਰਮਾਉਂਦੇ ਹਨ :


Sri Satguru Jagjit Singh Ji eLibrary NamdhariElibrary@gmail.com

ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥
ਜਿਨਿ ਕੀਤੀ ਤਿਸੈ ਨਾ ਜਾਣਈ ਨਾਨਕ ਫਿਟੁ ਅਲੂਣੀ ਦੇਹ ॥
ਘਟਿ ਵਸਹਿ ਚਰਨਾਰ ਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥

ਗੁਰਸਿੱਖ ਨੇ ਦੇਹੀ ਨੂੰ ਪਾਲਣਾ ਹੈ। ਗੋਬਿੰਦ ਮਿਲਣ ਦੀ ਇਸ ਵਾਰੀ ਨੂੰ ਐਵੇਂ ਨਹੀਂ ਗਵਾਣਾ। ਨਿਸ਼ਾਨੇ ਤੇ ਅਪੜਨ ਲਈ ਉਦੱਮ ਕਰਨਾ ਹੀ ਸਿੱਖ ਦਾ ਫ਼ਰਜ ਹੈ। ਸਾਡੀ ਅਕਾਲ ਪੁਰਖ ਅਗੇ ਅਰਦਾਸ ਹੋਵੇ ਕਿ " ਹੇ ਵਾਹਿਗੁਰੂ ਚੰਗਿਆਈਆਂ ਦਾ ਤਤ ਮਿਠਤੁ ਤੇ ਨਿਮਰਤਾ ਬਖਸ਼ "। ਤਾਂ ਜੋ ਮਾਤ ਲੋਕ ਦੀ ਇਹ ਜੀਵਨ ਯਾਤਰਾ ਸਫਲਤਾ ਨਾਲ ਸੰਪੂਰਨ ਹੋਵੇ।

ਦੁੱਖ ਨੂੰ ਕੋਈ ਨਹੀਂ ਚਾਹੁੰਦਾ ਪਰ ਗੁਰੂ ਜੀ ' ਦੁਖ ਵਿਚਿ ਸੁਖ ਮਨਾਈ ' ਦਾ ਉੱਤਮ ਨੁਸਖਾ ਦਸਿਆ ਹੈ। ਇਕੋ ਹੀ ਅਵਸਥਾ ਵਿਚ ਰਹਿ ਕੇ ਅਕਾਲ ਪੁਰਖ ਦੇ ਦਿਤੇ ਸੁਖ ਭੋਗਣੇ ਤੇ ਦੁਖ ਭੁਗਾਤਣੇ , ਇਕ ਸੱਚੇ ਸਿੱਖ ਦਾ ਜੀਵਨ ਹੈ। ਅਤੇ ਅਜਿਹੇ ਜੀਵਨ ਵਿੱਚ ਗਿਲੇ, ਗੁੱਸੇ ਜਾਂ ਸ਼ਿਕਵੇ ਦੀ ਕੋਈ ਥਾਂ ਨਹੀਂ ਹੁੰਦੀ। ਕਿਉਂ ਕਿ :

" ਜੌ ਰਾਜ ਦੇਹਿ ਤ ਕਵਨ ਬਡਾਈ ,
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ "

ਪਰ ਕੋਈ ਵਿਰਲਾ ਹੀ ਹੈ ਜੋ ਇੰਜ ਸਮਝ ਕੇ ਇਸ ਤੇ ਅਮਲ ਕਰਦਾ, ਕਰੋੜਾਂ ਵਿਚੋ ਕੋਈ ਇੱਕ ਅਧਾ ਇਹ ਚੰਗੀ ਤਰ੍ਹਾਂ ਸਮਝ ਸਕਿਆ ਹੈ ਕਿ ਇਹ ਜੀਵਨ ਤਾਂ ਇਕ ਡਰਾਮਾ ਹੈ ਅਤੇ ਅਸੀਂ ਸਾਰੇ ਉਸ ਦੇ ਪਾਤਰ ਹਾਂ। ਜੀਵਨ ਦੇ ਇਸ ਡਰਾਮੇ ਵਿੱਚ ਸਾਨੂੰ ਦਿਤਾ ਪਾਰਟ ਕਿਵੇਂ ਠੀਕ ਨਿਭ ਸਕਦਾ ਹੈ ? ਤਾਂ ਹੀ ਜੇ ਚੰਗੇ ਮੰਦੇ ਦੀ ਪਛਾਣ ਹੋਵੇ। ਸਚ ਝੂਠ ਦੀ ਪਰਖ ਹੋਵੇ। ਨੇਕੀ-ਬਦੀ ਦਾ ਫ਼ਰਕ ਪਤਾ ਹੋਵੇ। ਇਸ ਗਲ ਦਾ ਗਿਆਨ ਗੁਰੂ ਤੋਂ ਮਿਲਦਾ ਹੈ। ਗੁਰਬਾਣੀ ਤੋਂ ਮਿਲਦਾ ਹੈ। ਚੰਗਿਆ ਦੀ ਸੰਗਤ ਤੋਂ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਕਿਹਾ " ਗੁਰਬਾਣੀ ਸੰਗਤ ਬਿਨਾਂ ਦੂਜੀ ਓਟ ਨਹੀਂ ਹੈ ਰਾਈ ' ਇਹੋ ਇਕੋ ਸਾਧਨ ਹੈ। " ਅਵਰ ਕਾਜ ਤੇਰੇ ਕਿਤੇ ਨਾ ਕਾਮ ॥ ਮਿਲਿ ਸਾਧ ਸੰਗਤਿ ਭਜ ਕੇਵਲ ਨਾਮੁ" ਇਕ ਵਾਹਿਗੁਰੂ ਦੀ ਉਪਾਸ਼ਨਾ, ਸਤਿਗੁਰੂ ਤੇ ਨਿਸ਼ਚਾ, ਚੰਗਿਆਈ ਲਈ ਉਦੱਮ, ਨਿਮਰਤਾ ਵਾਲਾ ਮਿਠੱਤ ਭਰਪੂਰ ਜੀਵਨ ਹੀ ਇਕ ਸੱਚੇ ਸਿਖ ਦਾ ਜੀਵਨ ਹੈ। ਉਹ ਆਪਣੇ ਰਾਹ ਤੇ ਟੁਰਦਾ ਚਲਾ ਜਾਂਦਾ ਹੈ, ਡੋਰੀ ਰੱਬ ਤੇ ਛੋੜ ਕੇ , ਔਕੜਾਂ ਦਾ ਮੁਕਾਬਲਾ ਕਰਦੇ ਹੋਏ। ਜੇ ਡਿਗਦਾ ਜਾਂ ਹਫਦਾ ਹੈ ਤੇ ਰਾਹ ਨਹੀਂ ਛੱਡਦਾ। ਇਹੋ ਅਰਦਾਸ ਬੇਨਤੀ ਕਰਦਾ ਹੈ ਕਿ ' ਡੋਲਣ ਤੇ ਰਾਖਹੁ ਪ੍ਰਭੂ। ' ਉਹ ਹਮੇਸ਼ਾਂ ਉਸ ਦੇ ਸ਼ੁਕਰ ਵਿੱਚ ਵਿਚਰਦਾ ਹੈ। ਉਸ ਦਾ ਧੰਨਵਾਦ ਕਰਦਾ ਹੈ ਜਿਸ ਨੇ ਮਨੁੱਖਾਂ ਜਨਮ ਅਤੇ ਅਰੋਗ ਦੇਹੀ ਬਖਸ਼ੀ ਹੈ।

" ਪ੍ਰਭੂ ਜੀ ਮੋਹਿ ਕਵਣੁ ਅਨਾਥੁ ਬਿਚਾਰਾ ॥
ਕਵਨ ਮੂਲ ਤੇ ਮਾਨਖੁ ਕਰਿਆ ॥
ਇਹੁ ਪਰਤਾਪੁ ਤਹਾਰਾ ॥

ਸਿਖਿਆਰਥੀ,
ਚਮਨ ਸਿੰਘ 'ਚਮਨ'


Sri Satguru Jagjit Singh Ji eLibrary NamdhariElibrary@gmail.com

# ਮਹੰਤ ਬਲਵੀਰ ਸਿੰਘ ਜੀ, ਸੇਵਾ ਪੰਥੀ
## ਡੇਰਾ ਮਹੰਤ ਭੋਲਾ ਸਿੰਘ ਜੀ
## ਕਟੜਾ ਕਰਮ ਸਿੰਘ, ਸ੍ਰੀ ਅੰਮ੍ਰਿਤਸਰ

## ਬੇਦਖਲੀ ਨੋਟਿਸ



ਗੁਰੂ ਨਾਨਕ ਨਾਮ ਲੇਵਾ ਸਮੂੰਹ ਸਾਧ ਸੰਗਤ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰ: ਸਰਬਜੀਤ ਸਿੰਘ ਸੇਵਾ ਪੰਥੀ ਚੇਲਾ ਮਹੰਤ ਬਲਵੀਰ ਸਿੰਘ ਜੀ 'ਸੇਵਾ ਪੰਥੀ' ਡੇਰਾ ਮਹੰਤ ਭੋਲਾ ਸਿੰਘ ਜੀ, ਕਟੜਾ ਕਰਮ ਸਿੰਘ, ਅੰਮ੍ਰਿਤਸਰ ਨੂੰ ਡੇਰਾ ਮਹੰਤ ਭੋਲਾ ਸਿੰਘ ਜੀ ਵਿੱਚ ਹੋਏ ਸਾਲਾਨਾ ਗੁਰਮਤਿ ਸਮਾਗਮ ਵਿੱਚ ਮਿਤੀ **2** ਨਵੰਬਰ **1995** ਨੂੰ ਮਹੰਤ ਬਲਵੀਰ ਸਿੰਘ ਜੀ ਸੇਵਾ ਪੰਥੀ (ਮੁੱਖ ਸੇਵਾਦਾਰ) ਦਾ ਚੇਲਾ ਥਾਪਿਆ ਗਿਆ ਸੀ।

ਹੁਣ ਸ੍ਰ: ਸਰਬਜੀਤ ਸਿੰਘ ਉਰਫ "ਛੱਬਾ" ਪੁੱਤਰ ਸ੍ਰ: ਲਵਤਾਰ ਸਿੰਘ, ਵਾਸੀ ਮਕਾਨ ਨੰ **2737/XV-9** , ਗਲੀ ਕੌੜੇ ਕੰਬੋਆਂ, ਕਟੜਾ ਕਰਮ ਸਿੰਘ, ਅੰਮ੍ਰਿਤਸਰ, ਆਪਣੀ ਮਰਜ਼ੀ ਨਾਲ ਡੇਰੇ ਦੀ ਸੇਵਾਦਾਰੀ ਤਿਆਗ ਕੇ ਆਪਣੇ ਘਰ ਚਲਾ ਗਿਆ ਹੈ। ਇਸ ਨੋਟਿਸ ਦੇ ਛਪਣ ਦੀ ਮਿਤੀ ਤੋਂ ਸ੍ਰ: ਸਰਬਜੀਤ ਸਿੰਘ ਉਰਫ 'ਛਬਾ' ਦਾ ਡੇਰਾ ਮਹੰਤ ਭੋਲਾ ਸਿੰਘ ਜੀ ਅਤੇ ਮਹੰਤ ਬਲਬੀਰ ਸਿੰਘ ਜੀ ਸੇਵਾ ਪੰਥੀ ਨਾਲ ਕੋਈ ਤੋਅਲਕ-ਵਾਸਤਾ ਨਹੀਂ ਰਿਹਾ। ਉਸ ਨੂੰ ਡੇਰੇ ਵੀ ਸੇਵਾਦਾਰੀ ਅਤੇ ਮਹੰਤ ਬਲਬੀਰ ਸਿੰਘ ਜੀ ਸੇਵਾ ਪੰਥੀ ਦੀ ਚੇਲਾ-ਗਿਰੀ ਤੋਂ ਬੇਦਖਲ ਸਮਝਿਆ ਜਾਵੇ। ਸ੍ਰ: ਸਰਬਜੀਤ ਸਿੰਘ ਉਰਫ 'ਛੱਬਾ' ਨਾਲ ਜੋ ਵੀ ਵਿਅਕਤੀ ਕੋਈ ਕਿਸੇ ਤਰ੍ਹਾਂ ਦਾ ਕੋਈ ਲੈਣ-ਦੇਣ ਕਰੇਗਾ, ਉਹ ਉਸ ਦੀ ਆਪਣੀ ਜਿੰਮੇਵਾਰੀ ਹੋਵੇਗੀ। ਡੇਰਾ ਮਹੰਤ ਭੋਲਾ ਸਿੰਘ ਜੀ ਜਾਂ ਮਹੰਤ ਬਲਬੀਰ ਸਿੰਘ ਸੇਵਾ ਪੰਥੀ ਅਜਿਹੀ ਕਿਸੇ ਕਾਰਵਾਈ ਦੇ ਜਿੰਮੇਵਾਰ ਨਹੀਂ ਹੋਣਗੇ।

ਦਾਸਨ ਦਾਸ :

ਮਹੰਤ ਬਲਵੀਰ ਸਿੰਘ 'ਸੇਵਾ ਪੰਥੀ'

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

*ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥*

ਬ੍ਰਹਮਗਿਆਨੀ, ਸੱਚਖੰਡਵਾਸੀ ਸ੍ਰੀਮਾਨ **108** ਸੰਤ
ਪੰਡਤ ਨਿਸ਼ਚਲ ਸਿੰਘ ਜੀ ਦੀ **24** ਵੀਂ ਬਰਸੀ ਅਤੇ

ਸ੍ਰੀਮਾਨ **108** ਸੰਤ ਤ੍ਰਲੋਚਨ ਸਿੰਘ ਜੀ ਦੀ **12** ਵੀਂ ਪਾਵਨ ਯਾਦ ਵਿੱਚ

# ਸਾਲਾਨਾ ਯੱਗ-ਸਮਾਗਮ ਅਤੇ ਕੀਰਤਨ ਦਰਬਾਰ

ਮਿਤੀ **21, 22, 23** ਅਗਸਤ **2002** ਦਿਨ ਬੁੱਧਵਾਰ,ਵੀਰਵਾਰ ਅਤੇ ਸ਼ੁਕਰਵਾਰ ਨੂੰ ਬੜੇ ਉਤਸ਼ਾਹ ਸ਼ਰਧਾ ਤੇ ਪ੍ਰੇਮ ਨਾਲ ਮਨਾਈ ਜਾ ਰਹੀ ਹੈ । ਜਿਸ ਵਿਚ ਉੱਚ ਕੋਟੀ ਦੇ ਮਹਾਂਪੁਰਖ ਗੁਣੀ ਗਿਆਨੀ ਅਤੇ ਪੰਥ ਪ੍ਰਸਿੱਧ ਗੁਰੂ ਘਰ ਦੇ ਕੀਰਤਨੀਏ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ । ਸੋ ਆਪ ਜੀ ਪ੍ਰੀਵਾਰ ਸਹਿਤ ਉਪਰੋਕਤ ਪ੍ਰੋਗਰਾਮ ਅਨੁਸਾਰ ਡੇਰਾ ਸੰਤਪੁਰਾ ਪਹੁੰਚ ਕੇ ਮਹਾਪੁਰਖਾਂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ ।

ਸ਼ਾਧ ਸੰਗਤ ਦੇ ਦਾਸ :

**ਮਹੰਤ ਜਗਮੋਹਨ ਸਿੰਘ 'ਸੇਵਾ ਪੰਥੀ'** — **ਮਹੰਤ ਤੀਰਥ ਸਿੰਘ 'ਸੇਵਾ ਪੰਥੀ'**
ਪ੍ਰਧਾਨ

ਡੇਰਾ ਸੰਤਪੁਰਾ,
ਯਮੁਨਾ ਨਗਰ (ਹਰਿਆਣਾ)

ਸੰਤ ਨਿਸਚਲ ਸਿੰਘ ਸੰਤਪੁਰਾ
ਯਮੁਨਾ ਨਗਰ ਟ੍ਰਸਟ (ਰਜਿ.) ਹਰਿਆਣਾ

**Mobile - 098120-27313 Ph. 01732 - 27313, 36613**

---

## ਬ੍ਰਹਮਗਿਆਨੀ ਸ਼੍ਰੀਮਾਨ 108 ਸੰਤ ਭਾਈ ਰਾਮ ਚੰਦ ਜੀ ਦੀ 38 ਵੀਂ ਬਰਸੀ ਅਤੇ

## ਸ਼੍ਰੀਮਾਨ 108 ਸੰਤ ਭਗਵਾਨ ਸਿੰਘ ਜੀ ਦੀ 16 ਵੀਂ ਪਾਵਨ ਯਾਦ

ਮਿਤੀ **9, 10, 11** ਸਤੰਬਰ **2002** ਦਿਨ ਸੋਮਵਾਰ, ਮੰਗਲਵਾਰ ਅਤੇ ਬੁਧਵਾਰ ਨੂੰ ਬੜੇ ਉਤਸ਼ਾਹ ਸ਼ਰਧਾ ਤੇ ਪ੍ਰੇਮ ਨਾਲ ਮਨਾਈ ਜਾ ਰਹੀ ਹੈ । ਜਿਸ ਵਿਚ ਉੱਚ ਕੋਟੀ ਦੇ ਮਹਾਂਪੁਰਖ ਗੁਣੀ ਗਿਆਨੀ ਅਤੇ ਗੁਰੂ ਘਰ ਦੇ ਕੀਰਤਨੀਏ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਸੋ ਆਪ ਜੀ ਉਪਰੋਕਤ ਪ੍ਰੋਗਰਾਮ ਅਨੁਸਾਰ ਟਿਕਾਣਾ ਭਾਈ ਭੱਲਾ ਰਾਮ ਜੀ ਕਲਾਨੌਰ ਪਹੁੰਚ ਕੇ ਮਹਾਪੁਰਖਾਂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ ।

ਸਾਧ ਸੰਗਤ ਦੇ ਦਾਸ :

**ਮਹੰਤ ਹਰਨਾਮ ਸਿੰਘ 'ਸੇਵਾ ਪੰਥੀ'** — **ਮਹੰਤ ਤੀਰਥ ਸਿੰਘ 'ਸੇਵਾ ਪੰਥੀ'**
ਪ੍ਰਧਾਨ

ਟਿਕਾਣਾ ਭਾਈ ਭੱਲਾ ਰਾਮ ਜੀ, ਕਲਾਨੌਰ
**Ph. : 01258-22550**

ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ.)
ਅੰਮ੍ਰਿਤਸਰ **Mob : 098140-32957**

Sri Satguru Jagjit Singh Ji eLibrary NamdhariElibrary@gmail.com

੧ਓ ਸਤਿਗੁਰ ਪ੍ਰਸਾਦਿ ॥

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ।

## 61ਵੀਂ

# ਸਰਬ ਹਿੰਦ ਸਿੱਖ ਵਿਦਿਅਕ ਕਾਨਫ਼ਰੰਸ

# ਅੰਮ੍ਰਿਤਸਰ

## ਮਿਤੀ 4,5,6, ਅਕਤੂਬਰ 2002

ਸਥਾਨ :

## ਖ਼ਾਲਸਾ ਕਾਲਜ, ਅੰਮ੍ਰਿਤਸਰ

ਸਮਰਪਿਤ

## ਚੀਫ਼ ਖ਼ਾਲਸਾ ਦੀਵਾਨ ਦੀ ਪਹਿਲੀ ਸ਼ਤਾਬਦੀ ਨੂੰ

ਸਰਪ੍ਰਸਤ :

## ਸ਼੍ਰੀਮਾਨ ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ'

### ਗੋਨਿਆਣਾ ਭਾਈ ਜਗਤਾ

ਜਨਰਲ ਸਕੱਤਰ ਕਾਨਫ਼ਰੰਸ:
ਪ੍ਰਿੰਸੀਪਲ ਮਹਿੰਦਰ ਸਿੰਘ ਢਿੱਲੋਂ
ਆਨਰੇਰੀ ਸਕੱਤਰ, ਐਜੂਕੇਸ਼ਨਲ ਕਮੇਟੀ,

ਚੇਅਰਮੈਨ ਸੁਆਗਤੀ ਕਮੇਟੀ
ਸ. ਪ੍ਰਿਤਪਾਲ ਸਿੰਘ ਸੇਠੀ

ਭਾਗ ਸਿੰਘ 'ਅਣਖੀ'
ਆਨਰੇਰੀ ਸਕੱਤਰ

ਕਿਰਪਾਲ ਸਿੰਘ
ਪ੍ਰਧਾਨ

## ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ


Sri Satguru Jagjit Singh Ji eLibrary NamdhariElibrary@gmail.com

Programme Regarding Foreign Tour Undertaken By

# Shriman Saint Baba Tirath Singh Ji

*'Sewa Panthi'*

*July to September 2002*

*Tikana Bhai Jagta Ji Sahib, Goniana Mandi Bathinda (Pb.)*
*S.T.D. Code : 0164 Phone : 262012, 262051, 262000*
*Fax. : 262657 Mobile : 98140-32957 (India)*
*Mobile : 001-646-644-5400 for U.S.A.*
*0044-07931-147180 for U.K.*

| Date | City | Address |
|---|---|---|
| 3-8-2002 | (Floreda) | DR. KULJIT SINGH BAJAJ<br>Phone : 301-983-0337 (Resi.)<br>301-214-0777 (Offi.)<br>Fax : 301-564-6772<br>Phone : 516-781-8126 (Resi.) |
| 3-8-2002<br>9-8-2002 | (San Francisco) | MR. AMARJIT SINGH SETHI<br>Phone : 510-223-5878,<br>510-223-6166 |
| 9-8-2002<br>12-8-2002 | New York | MR M.S. SAWHNEY<br>Phone : 203-762-7375<br>MR. S.S CHADHA<br>Phone : 718-850-7684 |
| 12-8-2002<br>10-9-2002 | London<br>(England) | 1. S. GURBACHAN SINGH ADVOCATE<br>11, Litalton Road,<br>Hairo Madax, HAI357<br>Phone : 0208-566-1005 (Personal)<br>0208-423-8171 (Resi.)<br>0208-567-2661 (Offi.)<br>0208-567-1175 (Fax.)<br>2. S. GURBAX SINGH BAKSHI<br>Phone : 208-908-1230 (Resi)<br>3. S. CHARANJIT SINGH CHANDHOK<br>2, Woodside Avenue,<br>1, North Finchley London 12 8BG<br>Phone : 0208-445-3431<br>Fax : 0044-208-445-2878 |


Sri Satguru Jagjit Singh Ji eLibrary NamdhariElibrary@gmail.com

ਲੜੀਵਾਰ ਕਥਾਂ

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥

Sri Satguru Jagjit Singh Ji eLibrary NamdhariElibrary@gmail.com

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥

**ਅਰਥ** :- ਗੁਰੂ ਜੀ ਫੁਰਮਾਉਂਦੇ ਹਨ ਕਿ (ਸਾਧ)- ਸੰਤਾਂ ਦੀ ਮਹਿਮਾ ਤਾਂ ਵੇਦ ਵੀ ਨਹੀ ਜਾਣਦੇ ਉਹ ਜਿੰਨਾ ਕੁ ਸੁਣਦੇ ਹਨ ਉਤਨਾ ਕੁ (ਬਖਿਆਨਹਿ) ਕਥਨ ਕਰਦੇ ਹਨ।

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥

**ਅਰਥ** :- ਸੰਤਾਂ ਦੀ ਉਪਮਾ (ਰਜੋ, ਸਤੋ, ਤਮੋ) ਤਿੰਨਾਂ ਗੁਣਾ ਤੋਂ ਦੂਰ ਹੈ ਭਾਵ ਸੰਤਾਂ ਦੀ ਉਪਮਾ ਸਾਰੇ (ਭਰਪੂਰਿ) ਪਾਸੇ ਸਮਾ ਰਹੀ ਹੈ।

ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥

**ਅਰਥ** :- ਸੰਤਾਂ ਦੀ ਸੋਭਾ ਦਾ ਕੋਈ ਅੰਤ ਨਹੀਂ ਆਉਂਦਾ ਸੰਤਾਂ ਦੀ ਮਹਿਮਾ ਸਦਾ ਬੇਅੰਤ ਹੈ।

ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥

**ਅਰਥ** :- ਸੰਤਾਂ ਦੀ ਸੋਭਾ ਵੱਡੀਆਂ ਸ਼ੋਭਾ ਤੋਂ ਵੱਡੀ ਹੈ ਅਤੇ ਸੰਤਾਂ ਦੀ ਸੋਭਾ ਬਹੁਤ ਤੋਂ ਬਹੁਤ ਹੈ।

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥

**ਅਰਥ** :- ਅਖੀਰ ਵਿੱਚ ਗੁਰੂ ਜੀ ਇਸ ਸਲੋਕ ਦੀ ਅਖਰੀਲੀ ਪਉੜੀ ਵਿੱਚ ਆਖਦੇ ਹਨ ਕਿ ਸਾਧ ਅਤੇ ਪ੍ਰਭੂ ਵਿੱਚ ਕੋਈ ਫ਼ਰਕ ਨਹੀ ਹੈ ਸੰਤਾਂ ਦੀ ਸੋਭਾ ਸੰਤਾਂ ਨੂੰ ਹੀ ਬਣ ਆਉਂਦੀ ਹੈ।

(ਚਲਦਾ ....)

Sri Satguru Jagjit Singh Ji eLibrary NamdhariElibrary@gmail.com

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

## ਅਨੰਦੁ ਸਾਹਿਬ
## ਰਾਮਕਲੀ ਮਹਲਾ ੩ ਅਨੰਦੁ
## ੧ੴ ਸਤਿਗੁਰ ਪ੍ਰਸਾਦਿ ॥

**ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ ਕਰਿਸ਼ਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ ।੪॥**

### ਸਾਚਾ ਨਾਮੁ ਮੇਰਾ ਆਧਾਰੋ ॥

ਪਦ ਅਰਥ : ਆਧਾਰੋ- ਆਸਰਾ

**ਅਰਥ** - ਹੇ ਭਾਈ ! ਸੱਚੇ ਸਾਹਿਬ ਪ੍ਰਭੂ ਦਾ ਨਾਮ ਹੀ ਮੇਰੀ ਜਿੰਦਗੀ ਦਾ ਆਸਰਾ ਹੈ । ਜਿਵੇਂ ਸਰੀਰ ਦਾ ਆਧਾਰ ਭੋਜਨ ਹੈ ।

### ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥

ਪਦ ਅਰਥ : ਭੁਖਾ- ਪਦਾਰਥਕ ਵਾਸ਼ਨਾਵਾਂ, ਕਾਮਨਾਵਾਂ ।

**ਅਰਥ** - ਸੱਚਾ ਨਾਮ ਮੇਰਾ (ਇਹੋ ਜਿਹਾ) ਅਧਾਰ ਹੈ । ਜਿਸ ਦੇ ਸਿਮਰਨ ਨੇ ਮੇਰੀਆਂ ਸਾਰੀਆਂ ਪਦਾਰਥਕ ਭੁੱਖਾਂ (ਵਾਸ਼ਨਾਵਾਂ) ਦੂਰ ਕਰ ਦਿੱਤੀਆਂ ਹਨ ।

### ਕਰਿਸ਼ਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥

ਪਦ ਅਰਥ : ਕਰਿ - ਪੈਦਾ ਕਰਕੇ, ਮਨਿ-ਮਨ ਵਿੱਚ, ਜਿਨਿ-ਜਿਸ ਨੇ, ਪੁਜਾਈਆ-ਪੂਰੀਆਂ ਕਰ


Satguru Jagjit Singh Ji eLibrary NamdhariElibrary@gmail

ਦਿੱਤੀਆਂ।

**ਅਰਥ** : ਜਿਸ ਪ੍ਰਭੂ ਦੇ ਨਾਮ ਨੇ ਮੇਰੇ ਅੰਦਰ ਸ਼ਾਂਤੀ ਤੇ ਸੁੱਖ ਪੈਦਾ ਕਰਕੇ, ਮੇਰੇ ਮਨ ਦੀਆ ਸਾਰੀਆ ਇੱਛਾਵਾਂ ਪੂਰਨ ਕਰ ਦਿੱਤੀਆ ਹਨ ਕਿਉਂ ਕਿ ਉਸ ਹਰੀ ਦੇ ਨਾਮ ਨੇ ਮੇਰੇ ਮਨ ਵਿੱਚ ਨਿਵਾਸ ਕਰ ਲਿਆ ਹੈ।

## ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥

**ਪਦ ਅਰਥ** : ਕੁਰਬਾਣੁ - ਸਦਕੇ , ਵਿਟਹੁ - ਤੋਂ

**ਅਰਥ** : ਮੈਂ ਆਪਣਾ ਆਪ ਸਦਾ ਲਈ ਉਸ ਗੁਰੂ ਤੋਂ ਕੁਰਬਾਨ ਕਰ ਦਿੱਤਾ ਹੈ , ਜਿਸ ਗੁਰੂ ਦੀਆ ਇਹ ਵਡਿਆਈਆਂ ਹਨ ਕਿ ਉਹ ਮਨੁੱਖ ਨੂੰ ਸੱਚੇ ਨਾਮ ਦੇ ਆਸ਼ਰਿਤ ਕਰ ਦਿੰਦਾ ਹੈ।

## ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥

**ਪਦ ਅਰਥ** : ਸੰਤਹੁ- ਜਿਗਿਆਸੂ ਜਨੋ (ਗੁਰਸਿੱਖੋ)

**ਅਰਥ** :ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ ਹੇ ਸੰਤ ਜਨੋ ਗੁਰਸਿੱਖੋ ਸੁਣੋ ! ਗੁਰੂ ਦਾ ਸ਼ਬਦ ਧਾਰਣ ਕਰੋ ਤੇ ਗੁਰੂ ਦੇ ਸ਼ਬਦ ਨਾਲ ਹੀ ਪਿਆਰ ਕਰੋ।

## ਸਾਚਾ ਨਾਮੁ ਮੇਰਾ ਆਧਾਰੋ ॥ ੪ ॥

ਅਰਥ : ਗੁਰੂ ਦੇ ਸ਼ਬਦ ਦੁਆਰਾ ਹੀ ਸੱਚੇ ਪਰਮਾਤਮਾ ਦਾ ਨਾਮ ਮੇਰੀ ਜਿੰਦਗੀ ਦਾ ਆਸਰਾ ਬਣ ਗਿਆ ਹੈ।

**ਭਾਵ ਅਰਥ** : ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਅਨੰਦੁ ਸਾਹਿਬ ਬਾਣੀ ਦੀ ਚੌਥੀ ਪਉੜੀ ਵਿੱਚ ਜਿਕਰ ਕਰਦੇ ਹਨ ਕਿ ਸੱਚੇ ਪਰਮਾਤਮਾ ਦਾ ਨਾਮ ਸਿਮਰਨ ਮੇਰੀ ਆਤਮਾ ਦਾ ਆਧਾਰ ਹੈ ਜਿਵੇਂ ਪਾਣੀ ਮੱਛੀ ਦਾ ਜੀਵਨ ਅਧਾਰ ਹੈ। ਮਨੁੱਖੀ ਸਰੀਰ ਦਾ ਆਧਾਰ ਭੋਜਨ ਹੈ, ਜਿਵੇ ਮਨੁੱਖ ਦਾ ਸਰੀਰ ਭੋਜਨ ਤੋਂ ਬਿਨਾਂ ਕਮਜੋਰ ਹੋ ਜਾਂਦਾ ਹੈ ਤਿਵੇਂ ਮਨੁੱਖ ਦੀ ਆਤਮਾ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਨਿਰਬਲ ਹੋ ਜਾਂਦੀ ਹੈ। ਇਸ ਗੱਲ ਨੂੰ ਸਮਝ ਕੇ ਹੀ ਗੁਰਮੁਖ ਜਨ ਪ੍ਰਭੂ ਦੇ ਸਿਮਰਨ ਵਿੱਚ ਮਨ ਨੂੰ ਜੋੜੀ ਰੱਖਦੇ ਹਨ। ਇਸ ਨਾਮ ਸਿਮਰਨ ਦੇ ਰਸ ਨੇ ਹੋਰ ਪਦਾਰਥਾਂ ਦੀਆਂ ਭੁੱਖਾਂ (ਇੱਛਾਵਾਂ) ਮਿਟਾ ਦਿੱਤੀਆ ਹਨ। ਹੁਣ ਦੁਨੀਆਂ ਦੇ ਰੰਗ ਤਮਾਸ਼ੇ ਦੇਖਣ ਦੀ ਜਾਂ ਪਦਾਰਥ ਇਕੱਠੇ ਕਰਨ ਦੀ ਤ੍ਰਿਸ਼ਨਾ ਵਿਆਪਦੀ ਹੀ ਨਹੀ। ਨਾਮ ਸਿਮਰਨ ਦੁਆਰਾ ਸਬਰ ਤੇ ਸੰਤੋਖ ਵਾਲਾ ਅਨੰਦ ਮਈ ਜੀਵਨ ਬਣ ਗਿਆ ਹੈ। ਐਸਾ ਜੀਵਨ ਆਪਣੇ ਆਪ ਨਹੀ ਬਣਿਆ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਨੂੰ ਮੰਨਣ ਸਦਕਾ ਹੋਇਆ ਹੈ, ਸੋ ਐਸੇ ਗੁਰੂ ਤੋਂ ਮੈਂ ਕੁਰਬਾਨ ਜਾਂਦਾ ਹਾਂ। ਹੇ ਸੰਤ ਜਨੋ ! ਤੁਸੀ ਵੀ ਗੁਰੂ ਸ਼ਬਦ ਨੂੰ ਸੁਣੋ ਤੇ ਸ਼ਬਦ ਨਾਲ ਪ੍ਰੇਮ ਕਰੋ, ਭਾਵ ਪ੍ਰਭੂ ਦੇ ਨਾਮ ਨੂੰ ਆਪਣੀ ਆਤਮਾ ਦਾ ਆਧਾਰ ਬਣਾਵੋ ਤਾਂ ਸੱਚਾ ਆਨੰਦ ਪ੍ਰਾਪਤ ਹੋਵੇਗਾ।

ਚਲਦਾ ...

Sri Satguru Jagjit Singh Ji eLibrary NamdhariElibrary@gmail.com

# ਅਸ਼ਟਮ ਬਲਬੀਰਾ

ਪ੍ਰਿੰ: ਸਤਿਬੀਰ ਸਿੰਘ ਜੀ

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਭਗੌਤੀ ਜੀ ਦੀ ਵਾਰ ਦੀ ਪਹਿਲੀ ਪਉੜੀ ਦੀਆਂ ਸਾਢੇ ਪੰਜ ਤੁਕਾਂ ਵਿਚ ਜਿਥੇ ਚਾਰ ਬਾਕੀ ਗੁਰੂ ਸਾਹਿਬਾਨ ਦੀ ਉਪਮਾ, ਬਖ਼ਸ਼ਿਸ਼ਾਂ, ਬਰਕਤਾਂ, ਰਹਿਮਤਾਂ, ਪੂਰੀ ਤੁਕ ਗੁਰੂ ਹਰਿਕ੍ਰਿਸ਼ਨ ਜੀ ਦੀ ਮਹਿਮਾ ਗਾਉਂਦੀ ਲਿਖੀ ਹੈ। ਉਹ ਉਚਾਰਦੇ ਹਨ :

'ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖ ਜਾਇ।'

ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸੁਭਾ ਕਰਮ ਨੂੰ ਜਾਣਦੇ ਹਨ ਉਹ ਗਵਾਹੀ ਦੇਣਗੇ ਕਿ ਇਸ ਉਚੇਚੀ, ਨਿਵੇਕਲੀ ਤੁਕ ਦਾ ਕੋਈ ਖਾਸ ਕਾਰਨ ਹੈ।

ਜਿਵੇਂ ਬੜੀ ਡੂੰਘੀ ਗੱਲ ਸੀ ਜਦ ਉਨ੍ਹਾਂ ਬਚਿਤ੍ਰ ਨਾਟਕ ਵਿਚ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਦਾ ਤਾਂ ਜ਼ਿਕਰ ਤਕ ਨਾ ਕੀਤਾ ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਇਕ ਪ੍ਰਕਾਰ ਦਾ ਵਿਸਥਾਰ ਵੀ ਦਿੱਤਾ ਅਤੇ ਫਿਰ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਣ ਵੇਲੇ ਇਹ ਤਾਂ ਲਿਖਿਆ ਕਿ ਤੂੰ ਕਿਹੜੀ ਵੱਡੀ ਮਲ ਮਾਰ ਲਈ ਜਦ ਚਾਰ ਬੱਚੇ ਸ਼ਹੀਦ ਕਰ ਦਿਤੇ ਪਰ ਉਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਸ਼ਹਾਦਤ ਦਾ ਜ਼ਿਕਰ ਨਾ ਕੀਤਾ। ਉਹ ਸਿਰਫ਼ ਇਹ ਦਰਸਾ ਰਹੇ ਸਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 'ਆਪ ਸਹੇੜੀ' ਸੀ। ਨੌਵੇਂ ਪਾਤਸ਼ਾਹ ਨੇ ਆਪੂੰ ਕਿਹਾ ਸੀ : ਕਾਰਾਗ੍ਰਿਹਿ ਆਪ ਹਮ ਲੇਹੁ।

ਪਰ ਸ਼ੀਰ ਖੋਰ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨਾ ਕਿਸੇ ਹਕੂਮਤ ਲਈ ਮਰਦਊਪੁਣਾ ਨਹੀਂ ਸੀ।

ਫਿਰ ਦਸਮ ਗਰੰਥ ਪੜ੍ਹਨ ਵਾਲਾ ਹੈ ਰਾਨ ਹੁੰਦਾ ਹੈ ਕਿ ਕਲੰਗੀ ਵਾਲੇ ਹਰ ਸ਼ਬਦ ਵਰਤਣ ਵਿਚ ਬਹੁਤ ਹੀ ਅਹਿਤਆਤ ਵਰਤਦੇ ਹਨ। ਮਜਾਲ ਕੀ ਕੋਈ ਸ਼ਬਦ ਥਾਂ ਪਰ ਉਥਾਂ ਹੋ ਜਾਏ। ਇਕ ਹੀ ਉਦਾਹਰਣ ਲਵੋ। ਸੁਰਤਿ ਦੇ ਸ਼ਬਦ ਨੂੰ ਸੁਰਤਿ ਦੇ ਭਾਵ ਵਿਚ ਕੇਵਲ ਤੇ ਕੇਵਲ ਇਕ ਹੀ ਵਾਰੀ ਉਨ੍ਹਾਂ ਵਰਤਿਆ ਹੈ। ਬੜੀ ਰਹੱਸ ਭਰੀ ਬਾਤ ਸੀ। ਉਹ ਇਹ ਹੀ ਦਰਸਾ ਰਹੇ ਸਨ ਕਿ ਸੁਰਤਿ ਨੂੰ ਪ੍ਰਭੂ ਚਰਨਾਂ ਵਿਚ ਚੁਭੋ ਰੱਖ। ਉਹ ਕੇਵਲ ਜਗਤ ਤਮਾਸ਼ਾ ਦੇਖਣ ਆਏ ਹਨ। ਹੋਰ, ਜੇ ਸੁਰਤਿ ਪ੍ਰਭੂ ਚਰਨਾਂ ਵਿਚ ਲੀਨ ਹੋ ਜਾਏ ਤਾਂ ਇਹ ਜਗਤ ਸਭ ਖੇਲ ਤਮਾਸ਼ਾ ਹੀ ਲਗਦਾ ਹੈ।

ਸੋ ਇਹ ਤੁਕ 'ਜਿਸ ਡਿਠੇ ਸਭਿ ਦੁਖਿ ਜਾਇ' ਕੋਈ ਕਾਹਲੀ ਨਾਲ ਪੜ੍ਹ ਛੱਡਣ ਵਾਲੀ ਨਹੀਂ। ਗੁਰੂ ਜੋਤ ਦੀ ਅਜ਼ਮਤ ਪ੍ਰਗਟਾਉਂਦੀ ਇਹ ਤੁਕ ਆਪਣੇ ਆਪ ਵਿਚ ਬਹੁਤ ਕੁਝ ਸੰਭਾਲੀ ਬੈਠੀ ਹੈ।

ਇਕ ਤਾਂ ਇਹ ਕਿ ਗੁਰੂ ਜੋਤ ਜਿਸ ਵਿੱਚ ਪ੍ਰਵੇਸ਼ ਕਰ ਜਾਵੇ, ਗੁਰੂ ਅਖਵਾਉਣ ਤੇ ਮੰਨਣ ਦਾ ਉਹ ਹੀ ਅਧਿਕਾਰੀ ਤੇ ਹੱਕਦਾਰ ਹੈ। ਗੁਰੂ ਜੋਤ ਅੱਗੇ ਰਿਸ਼ਤੇ ਨਾਤੇ ਕੁਝ ਮੁੱਲ ਨਹੀਂ ਰੱਖਦੇ, ਸਿੱਖ ਘਰ ਵਿਅਕਤੀ ਪ੍ਰਧਾਨ ਨਹੀਂ ਸ਼ਬਦ ਤੇ ਹੁਕਮ ਪ੍ਰਧਾਨ ਹੈ। ਗੁਰੂ ਜੋਤ ਦਾ ਹੀ ਸਭ ਲਿਸ਼ਕਾਰਾ ਹੈ। ਇਹ ਜੋਤ, ਬ੍ਰਿਧ,ਬੱਚੇ, ਜੁਆਨ, ਕਿਸੇ ਵਿੱਚ ਵੀ ਪ੍ਰਵੇਸ਼ ਕਰ ਜਾਏ, ਉਹੋ ਜਿਹੀ ਕਦਰ ਤੇ ਕੀਮਤ ਰਖਦੀ ਹੈ। ਇਸ ਲਈ ਗੁਰੂ ਵਿਅਕਤੀ ਦੇ ਸੱਚ ਖੰਡ ਪਯਾਨੇ ਨੂੰ ਵੀ ਸਿੱਖ ਘਰ ਵਿੱਚ 'ਜੋਤੀ ਜੋਤ' ਸਮਾਉਣਾ ਕਹਿੰਦੇ ਹਨ। ਨਾਂਹ ਇਹ ਅਕਾਲ ਚਲਾਣਾ ਹੈ। ਨਾ ਚੜ੍ਹਾਈ ਤੇ ਨਾ ਕੋਈ ਮਿਤੂ।

Sri Satguru Jagjit Singh Ji eLibrary NamdhariElibrary@gmail.com

ਦੂਸਰੇ, ਗੁਰੂ ਗੋਬਿੰਦ ਸਿੰਘ ਜੀ ਇਹ ਪ੍ਰਗਟਾਉਣਾ ਲੋੜਦੇ ਹਨ ਕਿ ਦੇਖਣ ਨੂੰ ਬਾਬਾ ਰਾਮ ਰਾਇ ਜੀ ਵੀ ਗੁਰੂ ਹਰਿ ਰਾਏ ਦੇ ਪੁੱਤਰ ਹਨ ਪਰ ਉਨ੍ਹਾ ਆਗਿਆ ਨਾ ਪਾਲੀ ਤਾਂ ਹੁਕਮ ਹੋਇਆ ਜੋ ਉਸ ਦੇ ਮਥੇ ਲਗੇਗਾ, ਉਹ ਮੇਰਾ ਸਿੱਖ ਨਹੀਂ, ਪਰ ਦੂਜੇ ਪਾਸੇ ਜਿਸ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਇਆਂ ਤੇ ਡਿੱਠਾ ਸਭ ਦੁਖ ਦੂਰ ਹੋ ਜਾਣਗੇ।

ਗੁਰੂ ਹਰਿਕ੍ਰਿਸ਼ਨ ਜੀ ਦੀ ਕਰਨੀ, ਕੌਤਕ ਤੇ ਕਰਮ ਜਿਨ੍ਹਾਂ ਪੜ੍ਹੇ, ਦੇਖੇ ਹਨ ਉਹ ਸ਼ਾਹਦ ਹਨ ਕਿ ਉਨ੍ਹਾਂ ਨੂੰ ਧਿਆਇਆਂ ਮਾਨਸਕ, ਆਤਮਕ, ਸੰਸਾਰਕ, ਸਰੀਰਕ, ਸਮਾਜਕ, ਸਿਆਸੀ ਤੇ ਧਾਰਮਿਕ ਸਭ ਰੋਗ ਦੂਰ ਹੋ ਜਾਂਦੇ ਹਨ।

ਉਨ੍ਹਾਂ ਪਾਸ ਬੈਠਿਆਂ ਹੀ ਆਤਮਕ ਠੰਡ ਮਿਲਦੀ ਸੀ। ਅੰਤਮ ਸਮੇਂ ਜਦ ਮਾਤਾ ਜੀ ਨੇ ਗੋਦ ਵਿਚ ਲਿਆ ਤਾਂ ਉਨ੍ਹਾਂ ਨੂੰ ਅਮਰਾਪਦ ਪ੍ਰਾਪਤ ਹੁੰਦਾ ਪ੍ਰਤੀਤ ਕੀਤਾ। ਗ੍ਰਨੀਲੀਜ਼ ਜਿਸ ਨੇ ਹਰ ਗੁਰੂ ਸਾਹਿਬਾਨ ਦਾ ਉਭਰਦਾ ਇਕ ਗੁਣ-ਉਪਮਾ ਲਿਖੀ ਹੈ, ਉਹ ਗੁਰੂ ਹਰਿ ਕ੍ਰਿਸ਼ਨ ਜੀ ਦੀ ਪ੍ਰਤਿਭਾ' ਨਿਰਮਲਤਾ' (ਪਿਉਰਿਟੀ) ਦਾ ਆਤਮ ਖਿਲਾਰਨ ਵਿਚ ਦੇਖਦਾ ਹੈ। ਆਤਮ ਹੁਲਾਰਾ ਹੀ ਆ ਜਾਂਦਾ ਸੀ, ਗੁਰੂ ਹਰਿਕ੍ਰਿਸ਼ਨ ਜੀ ਦਾ ਦੀਦਾਰ ਔਰੰਗਜ਼ੇਬ ਬੰਗਲਾ ਸਾਹਿਬ ਦੀ ਦਲ੍ਹੀਜ਼ ਤੇ ਅੱਧੀ ਘੜੀ ਖੜਾ ਦੀਦਾਰ ਲਈ ਤਰਸਦਾ ਇਹ ਹੀ ਕਹਿੰਦਾ ਰਹ੍ਹਿਆ : 'ਮੈਂ ਆਪ ਚਲ ਆਇਆ ਹਾਂ ਫਕੀਰ ਦਰਬਾਰ।'

ਮਾਨਸਿਕ ਪੀੜਾਂ ਗੁਰੂ ਜੀ ਇਕ ਬਚਨ ਨਾਲ ਹੀ ਹਰ ਦੇਂਦੇ ਸਨ। 'ਸੂਕੇ ਹਰੇ ਕੀਏ ਖਿਨ ਮਾਹਿ' ਦੀ ਉਨ੍ਹਾਂ ਵਿੱਚ ਸ਼ਕਤੀ ਸੀ। ਗੁਰਦੇਵ ਦ੍ਰਿਸ਼ਟੀ ਦੇ ਅੰਮ੍ਰਿਤ ਜਲ ਨਾਲ ਸਿੰਜਕੇ ਖੁਸ਼ਕ ਹੋਏ ਮਨਾਂ ਨੂੰ ਸਰਸਬਜ਼ ਕਰ ਦੇਂਦੇ ਸਨ। 'ਅਮ੍ਰਿਤ ਦ੍ਰਿਸ਼ਟ ਸੰਚਿ ਜੀਵਾਏ', ਜਿਸ ਵਲ ਵੀ ਅੰਮ੍ਰਿਤ ਦ੍ਰਿਸ਼ਟੀ ਨਾਲ ਵੇਖਦੇ ਉਹ ਪੂਰਨ ਹੋ ਜਾਂਦਾ, ਸੰਤ ਹੋ ਵਿਚਰਦਾ।

"ਅੰਮ੍ਰਿਤ ਦ੍ਰਿਸ਼ਟਿ ਪੇਖੈ ਹੋਇ ਸੰਤ।"

'ਸ਼ਬਦ ਪਠਤਿ ਕਾਸ਼ਟ ਨਰਮਾਇ' ਦਾ ਗੁਣ ਪ੍ਰਭਾਵ

ਉਸ ਸਿਖ ਨੇ ਡਿਠਾ ਸੀ ਸੋ ਪਰਖ ਪ੍ਰੀਖਿਆ ਲਈ ਆਇਆ ਸੀ। ਭਾਈ ਸੰਗਤੀਆ, ਭਾਈ ਸਾਹੀ ਰਾਮ ਤੇ ਹੋਰ ਅਨੇਕਾਂ ਨੂੰ 'ਆਤਮਰਸਿ ਦੇਖਣ ਤੇ ਮਾਣਨ ਦਾ ਫਲ ਦਰਸਾਇਆ ਸੀ।

ਮੈਕਾਲਫ ਦਾ ਤਾਂ ਕਹਿਣਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਗੁਰੂ ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਹੀ ਐਸੇ ਬਚਨ ਬੋਲਦੇ ਸਨ ਕਿ ਸਿੱਖਾਂ ਦੀ ਦੁਬਿਧਾ ਤੇ ਸ਼ੰਕੇ ਮਿਟਦੇ, ਮੁਕਤੀ ਦਾ ਰਾਹ ਦਰਸ਼ਾ ਦੇਂਦੇ। ਗੁਰ-ਗੱਦੀ ਸੰਭਾਲਣ ਤੋਂ ਬਾਅਦ ਉਨ੍ਹਾਂ ਹਿੰਦੁਸਤਾਨ ਤੇ ਬਾਹਰ ਹਰ ਸਿੱਖੀ ਕੇਂਦਰ ਤੇ ਸੁਘੜ ਸਿਆਣੇ ਸਿੱਖ ਭੇਜੇ ਜਿਨ੍ਹਾਂ ਸਿੱਖੀ ਦੇ ਬੂਟੇ ਨੂੰ ਆਂਚ ਨਾ ਆਉਣ ਦਿਤੀ। ਸਿੱਖੀ ਦੇ ਵਾਧੇ ਲਈ ਐਸੇ ਕਦਮ ਚੁਕੇ ਕਿ ਹੋਰ ਸਿੱਖੀ ਦੇ ਦਾਇਰੇ ਵਿੱਚ ਆਏ। ਗੁਰੂ ਘਰ ਨੇ ਜਿਥੇ ਪ੍ਰਭੂ ਏਕਤਾ ਦਾ ਸਿਧਾਂਤ ਦ੍ਰਿੜ ਕਰਾਇਆ ਉਥੇ ਮਨੁਖ ਦੀ ਏਕਤਾ ਨੂੰ ਖੰਡਨ ਹੋਣ ਤੋਂ ਬਚਾਇਆ। ਗੁਰੂ ਹਰਿਕ੍ਰਿਸ਼ਨ ਜੀ ਨੇ ਆਫਰ ਆਫਰ ਫਿਰਦੇ ਵਿਦਿਆ ਮਤੇ ਤੇ ਜਾਤ ਅਭਿਮਾਨੀ ਪੰਡਤ ਲਾਲ ਚੰਦ ਦਾ ਜਿਵੇਂ ਹੰਕਾਰ ਤੋੜਿਆ ਹੈ ਫਿਰ ਉਸ ਨੇ ਜਿਵੇਂ ਆਪਣਾ ਜੰਞੂ ਤੋੜ ਗੁਰ ਚਰਨਾਂ ਤੇ ਰਖਿਆ, ਉਹ ਇਸੇ ਗੱਲ ਦਾ ਪ੍ਰਤੀਕ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਮਨੁੱਖਤਾ ਦੀ ਏਕਤਾ ਦੇ ਅਲੰਬਰਦਾਰ ਹਨ। ਜੰਞੂ ਮਨੁੱਖ ਵਿੱਚ ਵੰਡੀ ਦਾ ਪ੍ਰਤੀਕ ਸੀ। ਸ਼ਾਹਾਂ, ਮਹਾਰਾਜਿਆਂ ਅਤੇ ਦੁਨਿਆਵੀ ਲੋਕਾਂ ਦੀ ਪਰਵਾਹ ਨਾ ਕਰਦੇ ਜੋ ਪੂਰਨੇ ਦਿੱਲੀ ਵਿੱਚ ਪਾਏ, ਉਹ ਸਿਆਸੀ ਪੀੜਾਂ ਹਰਨ ਲਈ ਸਨ। ਜੋ ਲੋੜ ਵਸ਼ ਹਿਰਸਾਂ ਦੇ ਬੱਧੇ ਝੂਠੀਆਂ ਖੁਸ਼ਾਮਦਾਂ ਕਰਦੇ ਨਹੀਂ ਥਕਦੇ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਲਈ ਅਸ਼ਟਮ ਬਲਬੀਰਾ ਦੇ ਕਰਤੱਵ ਚੇਤਾਵਨੀ ਰੂਪ ਹੀ ਹਨ। ਜਿਨ੍ਹਾਂ ਸੰਸਾਰ ਦੇ ਭਲੇ ਲਈ ਪੂਰਨੇ ਪਾਉਣੇ ਹਨ ਉਨ੍ਹਾਂ ਨੂੰ ਲਾਲਚਾਂ ਤੇ ਡਰਾਵਿਆਂ ਤੋਂ ਉੱਚਾ ਹੋ ਨਤੀਜਿਆਂ ਦੀ ਪ੍ਰਵਾਹ ਕੀਤੇ ਬਗੈਰ ਵਿਚਰਨਾ ਚਾਹੀਦਾ ਹੈ। ਗੁਰੂ ਹਿਵੈਘਰ ਹੈ, ਗੁਰੂ ਦੀਪਕ ਹੈ ਜਿਸ ਠੰਡ ਵਰਤਾ ਕੇ, ਬੁਝਿਆਂ ਹੋਇਆਂ ਦੀਵਿਆਂ ਨੂੰ ਰੋਸ਼ਨ ਕਰਨਾ ਹੈ। ਬੰਗਲਾ ਸਾਹਿਬ ਤਜ ਗਰੀਬ ਦੀ ਕੁਟੀਆ ਆ ਬਿਸ੍ਰਾਮ ਕਰਨਾ, ਗੁਰੂ ਜੀ ਦਾ ਹੀ ਕਰਮ ਸੀ। ਫਿਰ ਜਿਵੇਂ ਗੁਰੂ ਤੇਗ ਬਹਾਦਰ ਜੀ ਨੂੰ ਗੁਰ ਗੱਦੀ ਸੌਂਪੀ। ਉਹ ਦਰਸਾ ਗਏ। ਕਿ ਅਗਵਾਈ ਦੀ ਵਾਗਡੋਰ ਕਿਵੇਂ ਠੀਕ ਹੱਥਾਂ ਵਿੱਚ ਦਿੱਤੀ ਜਾਂਦੀ ਹੈ।

ਮਹਾਂਕਵੀ ਸੰਤੋਖ ਸਿੰਘ ਜੀ ਨੇ, ਉਨ੍ਹਾਂ ਲਈ ਜੋ ਗੁਰੂ ਨੂੰ ਬਾਲਕ ਕਹਿੰਦੇ ਹਨ, ਇੱਕ ਦੋਹਰਾ ਲਿਖ ਕੇ ਖੂਬ ਨਿਬੇੜਾ ਕੀਤਾ ਹੈ, ਉਹ ਲਿਖਦੇ ਹਨ ਕਿ ਦੁਨਿਆਵੀ ਬਾਲਕ ਵਿਚ ਤਿੰਨ ਵਡੇ ਔਗੁਣ ਮਿਥੇ ਜਾਂਦੇ ਹਨ।

ਪਹਿਲਾ ਬਾਲਕ ਬਿਰਧ ਗਿਆਨ ਨਹੀਂ ਹੁੰਦਾ। ਜੋ ਇਕ ਅੱਧ ਚੰਗੀ ਕਰੇ ਤਾਂ ਦੂਜੀ ਜ਼ਰੂਰ ਵਿਗਾੜ ਪਾ ਦੇਂਦੀ ਹੈ।

ਦੂਜੇ ਬਾਲਕ ਸੁਤੰਤਰ ਦਾਨ ਨਹੀਂ ਦੇ ਸਕਦਾ ਉਸ ਨੂੰ ਕਹਿਣਾ ਪੈਂਦਾ ਹੈ ਕਿ ਹੱਥ ਪਕੜੀ ਚੀਜ਼ ਆਏ ਹੋਏ ਨੂੰ ਦੇਵੇ।

ਤੀਜੇ, ਕੋਈ ਬਾਲਕ ਸੁਤੰਤਰ ਅਗਵਾਈ ਨਹੀਂ ਕਰ ਸਕਦਾ। ਦਸੀ ਹੋਈ ਥਾਂ ਵੀ ਭੁਲ ਜਾਂਦਾ ਹੈ।

ਪਰ ਗੁਰੂ ਹਰਿਕ੍ਰਿਸ਼ਨ ਜੀ ਬਿਰਧ ਗਿਆਨ ਵਾਲੇ ਹੀ ਨਹੀਂ ਰਬੀ ਜੋਤ ਦਾ ਰੂਪ ਹਨ। 'ਹਰਿ ਹਰਿ ਗੁਰਹਿ' ਹਨ, ਰਬ ਦਾ ਰੂਪ ਹਨ। ਉਨ੍ਹਾਂ ਦੀ ਅੰਮ੍ਰਿਤ ਦ੍ਰਿਸ਼ਟੀ ਹੀ ਪਾਪਾਂ ਦੀ ਕਾਲਖ ਉਤਾਰ ਦੇਂਦੀ ਹੈ।

ਉਨ੍ਹਾਂ ਦੇ ਦਰਸ਼ਨ ਨਾਲ ਹੀ ਅਗਿਆਨ ਅੰਧੇਰਾ ਬਿਨਸ ਜਾਂਦਾ ਹੈ। ਗੁਰਬਾਣੀ ਦੀ ਤੁਕ ਬੋਲ ਕੇ ਹੀ ਅਗਲੇ ਦੇ ਪਾਪ ਭੀਤਰ ਦੇ ਕੰਬਾਂ ਦੇਂਦੇ ਹਨ। ਜੱਦੀ ਚੋਰ ਜਸਵੰਤ ਰਾਇ ਨੂੰ ਸਿਰਫ ਇਤਨਾ ਆਖ ਕੇ ਕਿ 'ਚੋਰ ਕੀ ਹਾਮਾ ਭਰੇ ਨਾ ਕੋਇ'। ਉਸ ਨੂੰ ਰੁਆ ਦਿਤਾ ਸੀ। ਔਰੰਗਜ਼ੇਬ ਦੇ ਭੇਜੇ ਸ਼ਹਿਜਾਂਦੇ ਨੇ ਬਾਰ ਬਾਰ ਜਦ ਕੁਝ ਲਿੱਖ ਭੇਜਣ ਲਈ ਕਿਹਾ ਸੀ ਤਾਂ ਆਪ ਜੀ ਨੇ ਮਾਝ ਰਾਗ ਦੀ ਵਾਰ ਵਿਚੋਂ ਉਹ ਸਲੋਕ ਲਿਖਿਆ ਸੀ ਜਿਸ ਨੂੰ ਪੜ੍ਹਦੇ ਸਾਰ ਔਰੰਗਜ਼ੇਬ ਹੱਕਾ ਬੱਕਾ ਰਹਿ ਗਿਆ ਸੀ।

ਦਾਨੀ ਸੁੰਤਤਰ ਸਨ। ਸਭ ਗਵਾਹੀਆਂ ਹਨ ਕਿ ਲੰਗਰ ਅਤੁੱਟ ਵਰਤਦੇ ਰਹਿੰਦੇ ਸਨ। ਆਈਆਂ ਭੇਟਾਵਾਂ ਨੂੰ ਉਸ ਸਮੇਂ ਜਾਂ ਲੋੜਵੰਦਾਂ ਵਿੱਚ ਵੰਡਵਾ ਦੇਂਦੇ ਜਾਂ ਲੰਗਰ ਵਿੱਚ ਪਾ ਦੇਂਦੇ। ਜਦ ਬਾਦਸ਼ਾਹ ਵਲੋਂ ਅਨੇਕ ਭੇਂਟਾਵਾਂ ਲੈ ਕੇ ਅਹਿਲਕਾਰ ਦਰਬਾਰ ਹਾਜ਼ਰ ਹੋਏ ਤਾਂ ਆਪ ਜੀ ਨੇ ਇੱਕ ਤਸਬੀ ਉਠਾ ਕੇ, ਬਾਕੀ ਸਭ ਉਂਵ ਹੀ ਮੋੜ ਦਿਤੀਆਂ। ਦਿਲੀ ਦੇ ਗਲੀ ਕੂਚਿਆਂ ਵਿੱਚ ਆਪ ਵਿਚਰ ਕੇ ਰੋਗੀਆਂ ਦੇ ਰੋਗ ਖੰਡਨ ਕੀਤੇ।

ਸਭ ਤੋਂ ਵੱਡੀ ਗੱਲ, ਐਸੀ ਅਗਵਾਈ ਕੀਤੀ ਕਿ ਹਰ ਕੋਈ ਆਖ ਰਹਿਆ ਸੀ ਕਿ ਪਿਤਾ ਜੀ ਦੇ ਪਾਏ ਪੂਰਨਿਆਂ ਤੇ ਤੁਰ ਕੇ, ਗੁਰ ਨਾਨਕ ਦੇਵ ਜੀ ਦੀ ਸਿਖਿਆ ਨੂੰ ਹੋਰ ਅਗੇ ਵਧਾਇਆ ਹੈ। ਇਹ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕਿਤਨਾ ਦਬਾਅ ਵਿਰੋਧੀਆਂ, ਦੋਖੀਆਂ, ਨਜ਼ਦੀਕੀ ਰਿਸ਼ਤੇਦਾਰਾਂ ਤੇ ਸੋਢੀਆਂ ਦਾ ਆਪ ਤੇ ਹੋਵੇਗਾ ਪਰ ਆਪ ਜੀ ਨੇ ਸਪਸ਼ਟ ਹੁਕਮ ਕੀਤਾ :

'ਬਾਬਾ ਬਸਹਿ ਜਿ ਗ੍ਰਾਮ ਬਕਾਲੇ।

ਦੁਖਤ੍ਰ ਕੁਸ਼ੀ (ਕੁੜੀ ਮਾਰ) ਵਾਲੇ ਨੂੰ ਮੂੰਹ ਨ ਲਾਉਣਾ, ਤਮਾਕੂ ਨੋਸ਼ੀ ਤੋ ਵਰਜਣਾ, ਕੇਸਾਂ ਦੀ

Sri Satguru Jagjit Singh Ji eLibrary NamdhariElibrary@gmail.com

ਬੇਅਦਬੀ ਨ ਕਰਨ ਦਾ ਹੁਕਮ ਅਤੇ ਗੁਰੂ ਗ੍ਰੰਥ ਨੂੰ ਗੁਰੂ ਦਾ ਰਿਦਾ ਦਸਣਾ ਤੇ ਪਰਚਾਰਨਾ, ਸੁਤੰਤਰ ਅਗਵਾਈ ਦੀਆਂ ਅਨੇਕਾ ਉਦਾਹਰਣਾ ਹਨ। ਤਾਤਪਰਜ ਇਹ ਹੈ ਕਿ ਜੋਤਿ ਉਹ ਸੀ, ਜਗਤ ਸਾਇ ਸੀ, ਸਿਰਫ ਕਾਇਆ ਪਲਟੀ ਸੀ।

"ਬਾਲ ਬੈਸ ਬ੍ਰਿਧ ਗਿਆਨ ਪਹਿ ਸਮਰਥ ਸ੍ਰੀ ਗੁਰ ਦੇਵ।
ਪਦ ਅਰਵਿੰਦਨਿ ਬੰਦਨਾ ਮੁਕਤਿ ਪਾਇ ਜਿਨ ਸੇਵ। ੧੦।

ਭਾਵ ਇਹ ਹੀ ਹੈ ਕਿ ਬਾਲ ਅਵਸਥਾ ਵਿਚ ਬਾਲਕ ਅਚੇਤ ਤੇ ਨਿਰਬਲ ਹੁੰਦਾ ਹੈ ਪਰ ਬਾਲ ਗੁਰੂ ਸਤਿਗੁਰੂ ਜੀ ਬਾਲ ਦੀਆਂ ਤਿੰਨੇ ਕਮਜ਼ੋਰੀਆਂ ਤੋਂ ਰਹਿਤ ਹਨ। ਅਚੇਤਤਾ ਦੇ ਟਾਕਰੇ ਗਯਾਨ ਬ੍ਰਿਧ ਹਨ, ਨਿਰਬਲਤਾ ਦੇ ਮੁਕਾਬਲੇ ਪਰਮ ਸਮਰਥ ਹਨ ਅਤੇ ਆਪਣੇ ਸਿਖ ਸੇਵਕਾਂ ਨੂੰ ਮੁਤੀ ਵਰਗੇ ਦੁਰਲਭ ਪਦਾਰਥ ਇਕ ਹੀ ਤਕਣੀ ਨਾਲ ਦੇਂਦੇ ਹਨ। ਇਹ ਸਮਝ ਲੈਣਾ ਚਾਹੀਦਾ ਹੈ ਕਿ ਸਰੀਰਕ ਅਵਸਥਾ ਤੇ ਉਮਰ ਸਤਿਗੁਰੂ ਜੋਤ ਤੇ ਹਾਵੀ ਨਹੀਂ ਹੋ ਸਕਦੇ।

ਪ੍ਰਾਚੀਨ ਪੰਥ ਪ੍ਰਕਾਸ਼ ਨੇ ਵੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਹਿਮਾ ਗਾਂਦੇ ਇਹ ਹੀ ਲਿਖਿਆ ਹੈ ਕਿ ਸਭ ਸਿਖਾਂ ਦੀਆਂ ਇੱਛਾਂ ਪੂਰੀਆਂ ਕੀਤੀਆਂ ਤੇ ਭਟਕਿਆਂ ਨੂੰ ਸਿਖੀ ਮਾਰਗ ਦ੍ਰਿੜ ਕਰਾਇਆ:

"ਇਛੈਂ ਪੂਰੈ ਸਿਖਨ ਕੀ ਸਿਖ ਕਰੈਂ।"

ਭਾਈ ਨੰਦ ਲਾਲ ਜੀ ਗੰਜ ਨਾਮਾ ਵਿਚ ਸਲਤਨਤ-ਇ-ਹਸ਼ਤਮ (ਅਠਵੀਂ ਪਾਤਸ਼ਾਹੀ) ਦੇ ਸਿਰਲੇਖ ਹੇਠ ਇਹ ਹੀ ਲਿਖਿਆ ਹੈ ਕਿ ਉਸਦੀ ਪਵਿਤ੍ਰ ਕਰਾਮਾਤ ਜਗਤ ਪ੍ਰਸਿੱਧ ਹੈ ਅਤੇ ਉਸ ਦੇ ਪਾਵਨ ਵਜੂਦ ਦਾ ਨੂਰ ਸਚ ਨੂੰ ਰੌਸ਼ਨ ਕਰਦਾ ਹੈ। ਕਿਤਨੀ ਪ੍ਰਗਟ ਸਚਾਈ ਲਿਖੀ ਹੈ ਕਿ ਗੁਰ ਨਾਨਕ ਦੇਵ ਜੀ ਦੀ ਅਠਵੀਂ ਪਾਤਸ਼ਾਹੀ ਉਨ੍ਹਾਂ ਦੇ ਪੁੱਗੇ ਅਤੇ ਪਾਕ ਪਵਿਤ੍ਰ ਪ੍ਰੇਮੀਆਂ ਦਾ ਤਾਜ ਅਤੇ ਉਸ ਵਿਚ ਹੀ ਸਮਾ ਚੁਕੇ ਪਿਆਰਿਆਂ ਦੀ ਸਰਕਾਰ ਹੈ।

ਇਤਨੀ ਦਿਲ ਖਿਚਵੀਂ ਤੇ ਕੋਮਲ ਸ਼ਖਸੀਅਤ ਹੈ ਗੁਰੂ ਹਰਿ ਕ੍ਰਿਸ਼ਨ ਜੀ ਦੀ ਕਿ ਨੇੜੇ ਰਹਿਣ ਵਾਲੇ ਵੀ ਉਸ ਤੋਂ ਸਦਕੇ ਹੋਣਾ ਲੋੜਦੇ ਹਨ। ਜਿਨ੍ਹਾਂ ਰੱਬ ਦਾ ਰਾਹ ਪਾ ਵੀ ਲਿਆ ਹੈ, ਉਹ ਵੀ ਉਸ ਦੇ ਦਰ ਆ ਕੇ ਸਿਰ ਝੁਕਾਂਦੇ ਹਨ।

ਉਸ ਦੇ ਬੇਅੰਤ ਗੁਣਾਂ ਤੇ ਮਹਾਨ ਸਿਫਤਾਂ ਨੂੰ ਉਸ ਦੇ ਪਿਆਰ ਵਾਲੇ ਤਿੰਨ ਲੋਕਾਂ ਤੇ ਛੇ ਤਰਫਾ ਵਿਚ ਫੈਲਾ ਰਹੇ ਹਨ। ਉਸ ਦੀਆਂ ਵਡਿਆਈਆਂ ਕੋਈ ਗਿਣ ਨਹੀਂ ਸਕਦਾ। ਹੋਰ ਤਾਂ ਹੋਰ ਉਸ ਦੀਆਂ ਕੀਤੀਆਂ ਵਡਿਆਈਆਂ ਦੇ ਭੰਡਾਰ ਵਿਚੋਂ, ਬਚੇ ਖੁਚੇ ਟੁਕੜੇ ਚੁਣਨ ਵਾਲਿਆਂ ਦੀ ਗਿਣਤੀ ਦਾ ਹੀ ਕੋਈ ਅੰਤ ਨਹੀਂ।

ਫਿਰ ਭਾਈ ਨੰਦ ਲਾਲ ਜੀ ਨੇ 'ਹਰਿਕ੍ਰਿਸ਼ਨ' ਨਾਮ ਦੇ ਫ਼ਾਰਸੀ ਹਿੱਜੇ ਲੈਕੇ ਹਰ ਇਕ ਲਫ਼ਜ਼ ਦੀ ਮਹਿਮਾ ਗਾਉਂਦੇ ਲਿਖਿਆ ਹੈ:

ਉਨ੍ਹਾਂ ਦੇ ਨੇਕ ਸੁਭਾਅ ਨੂੰ ਦਰਸਾਉਣ ਵਾਲੀ ਅਤੇ ਸਚ ਦੇ ਥੇਵੇ ਨਾਲ ਜੜੀ ਹੋਈ 'ਹੇ' ਦੁਨੀਆ ਦੇ ਕਾਬਜ਼ ਦੈਂਤ ਨੂੰ ਹਰਾ ਕੇ ਡੇਗ ਦੇਣ ਵਾਲੀ ਹੈ।

ਸਚਾਈ ਦਰਸਾਉਣ ਵਾਲੀ 'ਰੇ' ਦਸਦੀ ਹੈ ਕਿ ਹਰ ਨੇੜੇ ਆਇਆ ਸਦੀਵੀ ਤਖ਼ਤ ਤੇ ਪ੍ਰਧਾਨਗੀ ਪਦ ਤੇ ਬਿਰਾਜਮਾਨ ਹੋ ਜਾਂਦਾ ਹੈ।

ਉਸ ਦੇ ਨਾਮ ਦਾ ਅਰਬੀ 'ਕਾਫ' ਇਸ ਗੱਲ ਦਾ ਲਖਾਇਕ ਹੈ ਕਿ ਉਹ ਦ੍ਰਿਸ਼ਟੀ ਕਰਨ ਤਾਂ

Sri Satguru Jagjit Singh Ji eLibrary NamdhariElibrary@gmail.com

ਸਖਾਵਤ ਤੇ ਮਿਹਰ ਦੇ ਦਰਵਾਜੇ ਖੁੱਲ੍ਹ ਜਾਂਦੇ ਹਨ। ਸ਼ਾਨ ਸ਼ੌਕਤ ਨਾਲ ਭਰੀ 'ਸ਼ੀਨ' ਸ਼ੇਰਾ ਵਰਗੇ ਦੇਵਾਂ ਨੂੰ ਮਾਰ ਮੁਕਾਉਣ ਵਾਲੀ ਹੈ।

ਸਰ ਅਫ਼ਗਨ ਦੀਵਾਨ-ਇ-ਵੱਸਮ।

ਆਖਰੀ 'ਨੂਨ' ਪ੍ਰਗਟਾ ਰਹੀ ਹੈ ਕਿ ਉਨ੍ਹਾਂ ਪਾਸ ਆਏ ਹਰ ਦਿਲ ਤੇ ਜਾਨ ਵਿਚ ਤਾਜ਼ਗੀ ਤੇ ਸੁਗੰਧੀ ਭਰ ਜਾਏਗੀ ਕਿਉਂਕਿ ਗੁਰੂ ਹਰਿਕ੍ਰਿਸ਼ਨ ਰਬੀ ਨਿਆਮਤਾਂ ਦਾ ਨਿਕਟ ਵਰਤੀ ਮਿਤ੍ਰ ਹੈ।

ਕਿਤਨੀ ਅਟੱਲ ਸਚਾਈ ਲਿਖੀ ਹੈ ਭਾਈ ਨੰਦ ਲਾਲ ਜੀ ਨੇ। ਹੁਣ ਵੀ ਜੋ ਬੰਗਲਾ ਸਾਹਿਬ ਹੋ ਆਇਆ, ਉਹ ਇੰਝ ਮਹਿਸੂਸ ਕਰਦਾ ਹੈ ਕਿ ਉਸ ਦਾ ਖ਼ਾਲੀ ਹਿਰਦਾ ਭਰ ਗਿਆ ਅਤੇ ਜੀਵਨ ਵਿਚ ਤਾਜ਼ਗੀ ਪਾਕੀਜ਼ਗੀ ਤੇ ਖੁਸ਼ਬੂ ਭਰੀ ਗਈ ਹੈ।

ਭਾਈ ਨੰਦ ਲਾਲ ਜੀ ਨੇ ਹੋਰ ਗੁਣ ਕਰਮ ਲਿਖਕੇ ਪ੍ਰਗਟਾਇਆ ਹੈ ਕਿ ਅੱਠਵੇਂ ਪਾਤਸ਼ਾਹ ਮਿਹਰ ਅਤੇ ਬਖ਼ਸ਼ਿਸ਼ ਦਾ ਰੂਪ ਹਨ। ਰਬ ਦੇ ਜਿਤਨੇ ਵੀ ਨੇੜੇ ਬੈਠਣ ਵਾਲੇ ਹਨ, ਉਹਨਾਂ ਸਭਨਾਂ ਵਿਚੋਂ ਇਹ ਸਭ ਤੋਂ ਵਧ ਸਲਾਹੇ ਹੋਏ ਹਨ।

ਉਨ੍ਹਾਂ ਵਿਚ ਤੇ ਰਬ ਵਿਚ ਕੇਵਲ ਦੇਖਣ ਨੂੰ ਹੀ ਫ਼ਰਕ ਹੈ। ਉਨ੍ਹਾਂ ਦੀ ਹੋਂਦ ਸਾਰੀ ਦੀ ਸਾਰੀ ਰਬ ਦੀਆਂ ਮਿਹਰਾਂ ਬਖਸ਼ਸ਼ਾਂ ਹਨ। ਉਹ ਮਿਹਰਾਂ ਤੇ ਬਖਸ਼ਸ਼ਾਂ ਦਾ ਹੀ ਮੁਜਸਮਾ ਹਨ।

ਸਾਰੇ ਉਸ ਦੇ ਦਰ ਤੇ ਸਵਾਲੀਆਂ ਵਾਂਗ ਖੜੇ ਰਹਿੰਦੇ ਹਨ। ਉਨ੍ਹਾਂ ਦੇ ਮੁਖ ਵਿਚੋਂ ਨਿਕਲੇ ਹਰ ਸ਼ਬਦ ਤੇ ਪਹਿਰਾ ਦੇਣ ਵਾਲੇ ਕਈ ਖੜੇ ਹਨ। ਦੋਹਾਂ ਜਹਾਨਾਂ ਵਿਚ, ਉਨ੍ਹਾਂ ਦੇ ਬਚਨਾਂ ਤੇ ਟੁਰ ਕੇ ਕਾਮਯਾਬੀ ਮਿਲਦੀ ਹੈ। ਉਸ ਦੀ ਮੇਹਰ ਹੋ ਜਾਏ ਤਾਂ ਜ਼ੱਰਾ ਵੀ ਸੂਰਜ ਬਣ ਜਾਂਦਾ ਹੈ।

ਉਨ੍ਹਾਂ ਦਾ ਨਾਮ ਲਿਆ ਹੀ ਰਖਿਆ ਮਿਲ ਜਾਂਦੀ ਹੈ ਅਤੇ ਨਿਆਮਤਾਂ ਘਰ ਆ ਜਾਂਦੀਆਂ ਹਨ।

ਗੁਰੂ ਹਰਿਕ੍ਰਿਸ਼ਨ ਧਿਆਇਐ ਜਿਸ ਡਿਠੈ ਸਭ ਦੁੱਖਿ ਜਾਇ।

ਕਿਤਨੀ ਦ੍ਰਿੜਤਾ ਦਰਸਾਈ ਹੈ ਇਸ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਸ਼ਾਹਾਂ ਦੇ ਅਤਾਬ ਤੋਂ ਨਹੀਂ ਡਰੇ ਤੇ ਸੁਲਤਾਨੀ ਰੋਅਬ ਸੁੱਟ ਹੂੰਝ ਦਿਤਾ ਜੋ ਹੁਕਮਰਾਨਾਂ ਦੇ ਚਕਰ ਕਟਦੇ ਨਹੀਂ ਥੱਕਦੇ ਉਨ੍ਹਾਂ ਤੇ ਪ੍ਰਗਟ ਕਰ ਦਿਤਾ ਕਿ ਇਹ ਕੋਈ ਵਡਿਆਈ ਨਹੀਂ ਕਿ ਬਾਦਸ਼ਾਹ ਨਵਾਬ, ਵਜ਼ੀਰ ਜਾਂ ਅਹਿਲਕਾਰ ਕਰਮਚਾਰੀ ਨੂੰ ਤੁਸੀਂ ਮਿਲੇ ਹੋ। ਖੁਸ਼ਾਮਦਾਂ ਵਿਚੋ ਕਢਿਆ। ਠੀਕ ਲਿੱਖਿਆ ਹੈ ਸੂਰਜ ਪ੍ਰਕਾਸ਼ ਨੇ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਵੇਲੇ ਜਿਥੇ ਹੋਰ ਗੁਣ ਸਾਰੇ ਗਾਇਣ ਕਰ ਰਹੇ ਸਨ, ਉਥੋ ਇਕ ਇਹ ਵੀ ਕਹਿ ਰਹੇ ਸਨ :

ਪ੍ਰਣ ਨਿਬਾਹਿਆ, ਪ੍ਰਾਣ ਦਿਤੇ ਪਰ ਸ਼ਾਹ ਨੂੰ ਮੂੰਹ ਨਹੀਂ ਲਗਾਇਆ।

ਨਿਜ ਪ੍ਰਣ ਤੇ ਨਹਿ ਚਲੇ ਗੁਸਾਂਈ।<br>
ਨਹਿ ਮਿਲਿਬੇ ਕਿ ਲਖੀ ਬਡਾਈ।<br>
ਧਨ ਪੂਜਾ ਕੀ ਚਾਹ ਨ ਕੋਈ।<br>
ਸਦਾ ਸਹਾਇਕ ਦਾਸਨ ਹੋਈ।

ਜੀਵਨੀ ਪੜ੍ਹਕੇ, ਪੂਰਨ ਵਿਸ਼ਵਾਸ ਹੈ ਕਿ ਇਹ ਕਿਸੇ ਦਾ ਲਿਖਣਾ ਕਿ ਗੁਰੂ ਹਰਿ ਕ੍ਰਿਸ਼ਨ ਜੀ ਦਾ ਸਮਾਂ 'ਘਟਨਾ ਰਹਿਤ' (ਅਨਈਵੈਂਟਫੁਲ) ਜਾਂ ਥਾਂ ਪੂਰਨ ਲਈ ਜਾਂ ਐਸੇ ਹੀ, ਨਿਰਮੂਲ ਹੀ ਨਹੀਂ ਲਗੇਗਾ ਸਗੋਂ ਬੋਲ ਵਿਗਾੜ ਤੇ ਮੂਰਖ ਪੁਣਾ ਹੀ ਸਿਧ ਹੋਵੇਗਾ ਫਿਰ ਕਿਸੇ ਦਾ ਇਹ ਲਿਖਣਾ ਤਾਂ ਬਿਲਕੁਲ ਹੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਜਚਦਾ ਕਿ ਔਰੰਗਜ਼ੇਬ ਨੇ ਦੋਵਾਂ ਧਿਰਾਂ ਦਾ ਪੱਖ ਗੁਰੂ ਜੀ ਵਲ ਰਾਜਾ ਜੈ ਸਿੰਘ ਤੇ ਕੁਝ ਮਸੰਦ ਪੇਸ਼ ਹੋਣ ਤੇ ਸੁਣਨ ਉਪੰਤ ਇਹ ਫ਼ੈਸਲਾ ਸੁਣਾਇਆ ਕਿ ਉਹ ਮਜ਼ਹਬੀ ਕਿਸਮ ਦੇ ਘਰੇਲੂ ਝਗੜੇ ਵਿਚ ਦਖਲ ਅੰਦਾਜੀ ਨਹੀਂ ਕਰੇਗਾ, ਭਾਵੇਂ ਔਰੰਗਜ਼ੇਬ ਲਈ ਐਸਾ ਨਿਰਣਾ ਲੈਣਾ ਇਕ ਬਹੁਤ ਅਸਾਧਾਰਨ ਸੀ। ਇਸ ਫੈਸਲੇ ਨਾਲ ਗੁਰ ਸਿੱਖਾਂ ਦੇ ਹਿਰਦੇ ਖਿੜ ਗਏ।'' ਇਤਿਹਾਸਕ ਪੱਖੋਂ ਜਚਦਾ ਹੀ ਨਹੀਂ। ਔਰੰਗਜ਼ੇਬ ਆਪ ਗੁਰੂ ਦਰਬਾਰ ਵਲ ਆਇਆ ਪਰ ਉਸ ਦੀ ਇਕ ਨਾ ਚਲੀ।

ਰਾਜਾ ਜੈ ਸਿੰਘ ਨੇ ਉਸ ਦੇ ਕਹਿਣ ਤੇ ਸਾਜ਼ਸ਼ ਰਚੀ ਪਰ ਪਾਜ ਉਘੜ ਗਿਆ। ਕੋਈ ਮਸੰਦ, ਸਿਖ, ਪ੍ਰਤੀਨਿਧ ਜਾਂ ਨਿਕਟਵਰਤੀ ਔਰੰਗਜ਼ੇਬ ਪਾਸ ਗੁਰੂ ਪੱਖ ਦਰਸਾਉਣ ਲਈ ਨਹੀਂ ਗਿਆ। ਗੁਰੂ ਜੋਤ ਆਪੇ ਆਪ ਹੈ ਕਿਸੇ ਆਸਰੇ ਜਾਂ ਸਹਾਰੇ ਨਹੀਂ।

ਕਵੀ ਸੰਤੋਖ ਸਿੰਘ ਜੀ ਨੇ ਇਸੇ ਲਈ ਖ਼ਿਆਲ ਨੂੰ ਹਰ ਮੰਗਲ ਵਿਚ ਦਹੁਰਾਇਆ ਹੈ। ਉਹ ਰਾਸ 12ਵੀਂ ਤੇ ਮੰਗਲ ਵਿਚ ਵੀ ਇਹ ਹੀ ਲਿਖਦੇ ਹਨ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਮਾਤ੍ਰ ਨਾਲ ਹੀ ਸੰਕਟ ਦੂਰ ਹੋ ਜਾਂਦੇ ਹਨ। ਚਰਨ ਪਰਸੰਨ ਕਰ ਸੁਖਾਂ ਦੀ ਖਾਨ ਪ੍ਰਾਪਤ ਹੋ ਜਾਂਦੀ ਹੈ। ਉਹ ਆਪ ਸਦਾ ਖੇੜੇ ਵਿਚ ਰਹਿੰਦੇ ਹਨ ਅਤੇ ਜੋ ਵੀ ਪਾਸ ਜਾਂਦਾ ਹੈ। ਉਸ ਨੂੰ ਖਿੜਾ ਦੇਂਦੇ ਹਨ

ਦਰਸ਼ਨ ਤੇ ਸਕੰਟ ਨਸਹਿ ਪਗ ਪਰਸਨ ਸੁਖ ਦਾਇ।
ਜਨ ਹਰਸਨ ਸਰਸਨ ਸਦਾ ਸ੍ਰੀ ਹਰਿਕ੍ਰਿਸ਼ਨ ਸੁਭਾਇ।

ਬਸ ਅੰਤ ਵਿਚ ਕਵੀ ਗੁਲਾਬ ਸਿੰਘ ਦੇ ਲਿਖੇ ਛੰਦ ਦੀ ਇਸ ਤੁਕ ਨਾਲ ਹੀ ਨਮਸਕਾਰ ਕਰਨਾ ਹੈ ਕਿ ਪਾਣੀ ਵਿਚਾਲੇ ਕੰਵਲ ਨੂੰ ਤਾਂ ਸਦਾ ਇਹ ਡਰ ਖਾਈ ਜਾਂਦਾ ਹੈ ਕੇ ਮਤਾਂ ਰਾਤ ਨਾ ਆ ਜਾਏ, ਚੰਦ ਨ ਚੜ੍ਹ ਪਏ ਪਰ ਸਤਿਗੁਰੂ ਦੇ ਚਰਨ ਕੰਵਲ ਸਦਾ ਭੈ ਦੂਰ ਕਰਦੇ ਹਨ। ਇਕ ਰਸ ਜੀਵਨ ਖੇੜੇ ਵਾਲਾ ਮਿਲ ਜਾਂਦਾ ਹੈ, ਉਸ ਨੂੰ ਜਿਸ ਗੁਰੂ ਚਰਨ ਚਿਤ ਲਗਾਇਆ।

''ਪਾਤਸ਼ਾਹੀ ਅਠਵੀਂ ਸ੍ਰੀ ਗੁਰੂ ਹਰਿ ਰਾਧਾ ਪਤੀ,
ਸਾਹਿਬ ਸਹਾਇਕ ਸਿਫ਼ਤ ਕੋ ਨ ਪਾਰ ਹੈ।
ਪੰਕਜ-ਤੁਖ਼ਾਰ ਚੰਨ ਡਰ ਭਰ ਰਹੈ ਨਿਤ,
ਗੁਰ ਪੱਗ-ਪੰਕਜ ਭੈ ਭਵ ਕੋ ਪ੍ਰਹਾਰ ਹੈ।

***

---

# ਵਿਸ਼ੇਸ਼ ਸ਼ੋਧ

ਜੁਲਾਈ 2002 ਮਹੀਨੇ ਦੀ ਸੇਵਾ ਜੋਤੀ ਦੇ ਪੰਨਾ ਨੰ 7 ਤੇ ਰੈਂਡ ਕਰਾਸ ਦਾ ਆਗਾਜ਼ ਸੰਨ 1849 ਦੀ ਵਜਾਏ ਸੰਨ 1859 ਸਹੀਂ ਕਰ ਲਿਆ ਜਾਵੇ।

Sri Satguru Jagjit Singh Ji eLibrary NamdhariElibrary@gmail.com

# ਕੇਸ ਮੁੰਡਾਉਣ ਵਾਲੀ ਭੇਡ ਚਾਲ
# ਅਤੇ
# ਤੰਬਾਕੂ ਨੋਸ਼ੀ ਕਿਵੇਂ ਸ਼ੁਰੂ ਹੋਈ ?

ਗਿ: ਕਰਤਾਰ ਸਿੰਘ ਸੁਰੱਹਦੀ
(ਕਰਤਾ ੧ਓ ਫਿਲਾਸਫੀ)

ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਸਾਰ ਅੰਦਰ ਹਰ ਪਹਿਲੂ ਤੋਂ ਫੈਲੀ ਹੋਈ ਅਧੋਗਤੀ ਦਾ ਕਾਰਨ ਉਸ ਗੁੱਝੇ ਰੋਗ ਵਿਚ ਛੁਪਿਆ ਹੋਇਆ ਪਾਇਆ ਜਿਹੜਾ ਕਿ ਪਵਿਤਰ ਕੇਸ਼ਾਂ ਨੂੰ ਮੁੰਡਾਉਣ ਵਾਲੀ ਭੇਡ-ਚਾਲ ਤੋਂ ਸ਼ੁਰੂ ਹੋਇਆ।

ਸਤਿਜੁਗ, ਤ੍ਰੇਤਾ ਅਤੇ ਦੁਆਪੁਰ ਆਦਿਕ ਜੁਗਾਂ ਅੰਦਰ ਸਭ ਲੋਕ ਇਸ ਲਈ ਕੇਸ਼ ਧਾਰੀ ਹੁੰਦੇ ਸਨ ਕਿਉਂਕਿ ਉਹਨਾਂ ਦੇ ਧਾਰਮਕ ਆਗੂ ਭਾਵ ਰਿਸ਼ੀ, ਮੁਨੀ, ਅਵਤਾਰ ਤੇ ਪੀਰ ਪੈਗਬੰਰ ਆਦਿਕ ਸਾਰੇ ਦੇ ਸਾਰੇ ਹੀ ਜਿਥੇ ਆਪ ਸਾਬਤ ਸੂਰਤ ਰਿਹਾ ਕਰਦੇ ਉਥੇ ਉਹ ਅਪਨੇ ਸਮੂਹ ਸ਼ਰਧਾਲੂਆਂ ਨੂੰ ਵੀ ਪਵਿਤਰ ਕੇਸ਼ ਧਾਰੀ ਰਹਿਨ ਦਾ ਉਪਦੇਸ਼ ਕਰਿਆ ਕਰਦੇ ਸਨ। ਉਨ੍ਹਾਂ ਪੁਰਾਤਨ ਰਿਸ਼ੀਆਂ, ਮੁਨੀਆਂ, ਅਵਤਾਰਾਂ ਤੇ ਪੈਗਬੰਰਾਂ ਵਲੋਂ ਅਪਣੇ ਸ਼ਰਧਾਲੂਆਂ ਨੂੰ ਕੇਸ਼ਾਂ ਦੀ ਸੰਭਾਲ ਤੇ ਉਨ੍ਹਾਂ ਨੂੰ ਸਾਫ਼ ਸੁਥਰੇ ਰੱਖਣ ਲਈ ਅਨੇਕਾਂ ਹੀ ਹੁਕਮ ਕੀਤੇ ਹੋਏ ਹਨ ਜਿਨ੍ਹਾਂ ਦੇ ਅੰਕਤ ਕਰਨ ਲਈ ਇਥੇ ਥਾਂ ਨਹੀਂ। ਪਰ ਉਹਨਾਂ ਹੁਕਮਾਂ ਦਾ ਮੂਲ ਤੱਤਵ ਇਹੋ ਹੀ ਹੈ ਕਿ ਜਿਹੜੇ ਪੁਰਸ਼ ਕੇਸ਼ ਦਾੜ੍ਹੀ ਨੂੰ ਧਾਰਨ ਕਰਦੇ ਹਨ ਉਹਨਾਂ ਦੀ ਸੰਤਾਨ ਵੀ ਉਤਮ, ਸ੍ਰੇਸ਼ਟ ਤੇ ਸ਼ਕਤੀਸ਼ਾਲੀ ਹੁੰਦੀ ਹੈ ਤੇ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਨਿਰੰਕਾਰ '੧ਓ' ਜੀ ਵਲੋਂ ਪਵਿਤਰ ਕੇਸ਼ਾਂ ਅੰਦਰ ਰਖੀ ਹੋਈ ਪ੍ਰਮ ਸੁਖ-ਦਾਇਕ ਗੋਹਜ ਅਗੰਮੀ ਸ਼ਕਤੀ ਸਦਕਾ ਹੀ ਉਸ ਸਮੇਂ ਦੀ ਧਾਰਮਕ, ਸਮਾਜਕ, ਆਰਥਕ ਤੇ ਰਾਜਨੀਤਕ ਦਸ਼ਾ ਚੜ੍ਹਦੀਆਂ ਕਲਾਂ ਵਿਚ ਰਿਹਾ ਕਰਦੀ। ਤੇ ਸਭ ਸੰਸਾਰ ਸੁਖ ਤੇ ਚੈਨ ਦਾ ਜੀਵਨ ਬਤੀਤ ਕਰਿਆ ਕਰਦਾ। ਪਰ ਇਹ ਕੇਸ਼ ਮੁੰਡਾਉਨ ਵਾਲੀ ਭੇਡ ਚਾਲ ਅਤੇ ਤੰਬਾਕੂ ਨੋਸ਼ੀ ਕਿਵੇਂ ਸ਼ੁਰੂ ਹੋਈ ? ਇਸ ਪ੍ਰਸ਼ਨ ਦਾ ਉੱਤਰ ਸ੍ਰੀ ਦਸਮੇਸ਼ ਪਿਤਾ ਜੀ ਨੇ ਅਪਨੇ ਪਿਆਰੇ ਸਿਖ ਸੇਵਕਾਂ ਨੂੰ ਜਿਵੇਂ ਖੋਲ੍ਹ ਕੇ ਸਮਝਾਇਆ ਉਹ ਹੇਠਾਂ ਅੰਕਤ ਕੀਤਾ ਜਾਂਦਾ ਹੈ :-

ਇਕ ਸਮੇਂ ਸਿਖ ਸੰਗਤਾਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤਰ ਸੇਵਾ ਵਿਖੇ ਇਹ ਬਿਨੈ ਕੀਤੀ ਕਿ "ਹਜ਼ੂਰ ਪਾਤਸ਼ਾਹ ਜੀਉ! ਬ੍ਰਿਹਮਨ ਲੋਗ ਤਾਂ ਕਿਸੇ ਸਮੇਂ ਬੜੇ ਭਾਰੀ ਸਤਿ ਸੰਤੋਖ ਵਿਚ ਰਹਿਨ ਵਾਲੇ ਰਿਸ਼ੀ, ਮੁਨੀ ਤੇ ਪਵਿਤਰ ਕੇਸ਼ ਧਾਰੀ ਹੋਇਆ ਕਰਦੇ ਸਨ ਪਰ ਹੁਣ ਜਿਧਰ ਵੇਖੋ ਉਹ ਸਾਰੇ ਦੇ ਸਾਰੇ ਹੀ ਕੇਸ਼-ਹੀਨ, ਲੋਭੀ, ਲਾਲਚੀ, ਹੁੱਕੇ ਤੰਬਾਕੂ ਤੇ ਚਰਸਾਂ ਆਦਿਕ ਗੰਦੀਆਂ ਚੀਜ਼ਾਂ ਪੀਣ ਵਾਲੇ ਵਿਕਾਰੀ ਤੇ ਢਾਹੂ ਰੁਚੀਆਂ ਦੇ ਮਾਲਕ ਹੋ ਚੁਕੇ ਹੋਏ ਹਨ, ਉਹਨਾਂ ਅੰਦਰ ਆਈ ਇਹੋ ਜਹੀ ਭਾਰੀ ਗਿਰਾਵਟ ਦਾ ਕਾਰਨ ਕੀ ਹੈ ? ਬ੍ਰਿਹਮਣ ਲੋਗ ਤਾਂ ਦੇਸ਼ ਦੇ ਧਾਰਮਕ ਆਗੂ ਹੁੰਦੇ ਸਨ, ਉਹਨਾਂ ਨੇ ਧਾਰਮਕ ਹੁਕਮਾਂ ਦੇ ਵਿਰੁਧ ਅਪਨੇ ਕੇਸ਼ ਦਾਹੜੇ ਕਿਉਂ ਮੁੰਡਾਉਣੇ ਸ਼ੁਰੂ ਕੀਤੇ ਹੋਏ ਹਨ ? ਇਸ ਤੋਂ ਛੁਟ ਜਿਸ ਭਾਰਤਵਰਸ਼ ਦਾ ਸਿੱਕਾ ਕਦੀ ਸਾਰੇ ਸੰਸਾਰ ਅੰਦਰ ਮੰਨਿਆ ਜਾਂਦਾ ਸੀ ਉਹ ਦੇਸ਼ ਗੈਰ ਕੌਮਾਂ ਦਾ ਗੁਲਾਮ ਕਿਵੇਂ ਹੋ ਗਿਆ ? ਆਹ ਜੋ ਹਰ ਸਮੇਂ ਹਿੰਦੂ ਬਹੂ ਬੇਟੀਆਂ ਦੀ ਫੜੋ ਫੜੀ ਤੇ ਬੇਪੱਤੀ ਹੁੰਦੀ ਰਹਿੰਦੀ ਹੈ, ਇਸ ਭਾਰੀ ਅਤਿਆਚਾਰ ਦਾ ਅਸਲ ਕਾਰਨ ਕੀ ਹੈ ? ਅਜ ਹਿੰਦੂ ਕੌਮ ਭੀਮ ਅਰਜਨ ਜੈਸੇ

Sri Satguru Jagjit Singh Ji eLibrary NamdhariElibrary@gmail.com

ਪੁਰਾਤਨ ਯੋਧਿਆਂ ਵਾਂਙ ਸੂਰਬੀਰ ਤੇ ਬਹਾਦਰ ਕਿਉਂ ਨਹੀਂ ਰਹੀ ? ਉਹ ਕਿਹੜਾ ਰੋਗ ਹੈ ਜਿਸ ਨੇ ਭਾਰਤ ਵਾਸੀਆਂ ਨੂੰ ਇਹੋ ਜਿਹਾ ਕਾਇਰ, ਕਮਜ਼ੋਰ ਤੇ ਹੀਜੜਿਆਂ ਜਿਹਾ ਡਰਪੋਕ ਬਨਾ ਦਿਤਾ ਹੋਇਆ ਹੈ ?

ਅਪਨੇ ਚੜ੍ਹਦੀਆਂ ਕਲਾਂ ਵਾਲੇ ਸੂਰਬੀਰ ਤੇ ਬਹਾਦਰ ਸਿੰਘਾ ਪਾਸੋਂ ਉਪਰੋਕਤ ਕਿਸਮਾਂ ਦੇ ਕਈ ਇਕ ਪ੍ਰਸ਼ਨਾਂ ਨੂੰ ਸੁਣ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੜੇ ਭਾਰੀ ਜਲਾਲ ਵਿਚ ਆ ਗਏ ਅਤੇ ਕੁਛ ਚਿਰ ਬਹੁਤ ਹੀ ਗੰਭੀਰ ਅਵੱਸਥਾ ਵਿਚ ਰਹੇ । ਅਖੀਰ ਬੜਾ ਭਾਰੀ ਅਫ਼ਸੋਸ ਕਰਦੇ ਹੋਇਆਂ ਆਪ ਜੀ ਨੇ ਸਿਖ ਸੰਗਤਾਂ ਨੂੰ ਇਹ ਗਲ ਸਮਝਾਈ ਕਿ ਪਾਂਡਵ ਰਾਜ ਦੇ ਬਹੁਤ ਚਿਰ ਪਿਛੋਂ ਇਸ ਭਾਰਤ ਵਰਸ਼ ਅੰਦਰ ਇਕ ਨੰਦ ਖ਼ਾਨਦਾਨ ਨਾਮ ਦੇ ਰਾਜੇ ਰਾਜ ਕਰਦੇ ਰਹੇ । ਉਹਨਾਂ ਰਾਜਿਆਂ ਨੇ ਇਸ ਦੇਸ਼ ਦੇ ਬਾਕੀ ਛੋਟੇ ਵਡੇ ਸਮੂਹ ਹੁਕਮਰਾਨਾਂ ਨੂੰ ਸਹਿਜੇ ਸਹਿਜੇ ਫ਼ਤਿਹ ਕਰ ਲਿਆ ਅਤੇ ਅਪਨੇ ਰਾਜ ਦੀਆਂ ਹੱਦਾਂ ਨੂੰ ਬਹੁਤ ਦੂਰ ਦੂਰ ਤਕ ਲੈ ਗਏ ।

''ਰਾਜ ਪਾਂਡਵਨ ਕੋ ਛੈ (ਨਾਸ਼) ਭਯੋ ॥
ਚਿਰੰਕਾਲ ਬਹੁਰੋ ਬਿਤ (ਬੀਤ) ਗਯੋ ॥
ਭੂਪ ਨੰਦ ਕੇ ਭਇ ਛਿਤ ਮਾਲਕ ॥
ਵਧਯੋ ਰਾਜ ਬਹੁ ਸ਼ਤ੍ਰਨ ਘਾਲਕ ॥''

-ਗੁਰ ਪ੍ਰਤਾਪ ਸੂਰਜ ਗ੍ਰੰਥ

ਜਦੋਂ ਨੰਦ ਖ਼ਾਨਦਾਨ ਦੇ ਬਾਦਸ਼ਾਹਾਂ ਨੇ ਦੇਸ਼ ਭਰ ਦੇ ਛੋਟੇ ਵਡੇ ਅਨੇਕਾਂ ਰਾਜੇ ਮਹਾਰਾਜਿਆਂ ਨੂੰ ਫ਼ਤਹਿ ਕਰਕੇ ਭਾਰਤ ਵਰਸ਼ ਦੇ ਬਹੁਤ ਸਾਰੇ ਭਾਗ ਨੂੰ ਅਪਨੇ ਅਧੀਨ ਕਰ ਲਿਆ ਤਾਂ ਖਤਰੀ, ਬ੍ਰਹਿਮਨ, ਸੂਦ ਤੇ ਵੈਸ਼ ਆਦਿਕ ਸਭ ਲੋਕ ਉਹਨਾਂ ਦਾ ਹੁਕਮ ਹੱਥ ਬੱਧੀ ਗ਼ੁਲਾਮਾਂ ਵਾਂਗ ਮੰਨਣ ਲਗ ਪਏ । ਜਿਸ ਤਰ੍ਹਾਂ ਪਰਸ ਰਾਮ ਨੇ ਕਿਸੇ ਸਮੇਂ ਤਾਕਤ ਫੜ ਕੇ ਖਤਰੀ ਲੋਕਾਂ ਦੀ ਕਤਲਿਆਮ ਕਰ ਦਿਤੀ ਸੀ, ਠੀਕ ਉਸੇ ਹੀ ਤਰ੍ਹਾਂ ਨੰਦ ਖ਼ਾਨਦਾਨ ਦੇ ਰਾਜਿਆਂ ਨੇ ਇਕ ਵਾਰ ਫਿਰ ਖਤਰੀ ਲੋਕਾਂ ਦੀ ਕਤਲਿਆਮ ਕੀਤੀ । ਮਤਲਬ ਇਹ ਕਿ ਸ਼ਸਤ੍ਰ ਧਾਰੀ ਲੋਕਾਂ ਨੂੰ ਜਾਂ ਤੇ ਚੁਣ ਚੁਣ ਕੇ ਮਾਰ ਦਿਤਾ ਗਿਆ ਅਤੇ ਜਾਂ ਫਿਰ ਉਹਨਾਂ ਨੂੰ ਤਕੜੀ ਫੜ ਕੇ ਬਾਣੀਆ ਬਨਣ ਲਈ ਮਜਬੂਰ ਹੋਣਾ ਪਿਆ । ਹੁਣ ਨੰਦ ਖ਼ਾਨਦਾਨ ਦੀ ਹਕੂਮਤ ਦਾ ਝੰਡਾ ਹਰ ਥਾਂ ਆਜ਼ਾਦੀ ਨਾਲ ਝੁਲੱਣ ਲਗ ਪਿਆ ਤੇ ਲਗ-ਭਗ ਡੇਢ ਹਜ਼ਾਰ ਬਰਸ ਤਕ ਉਹ ਲੋਗ ਬੜੀ ਭਾਰੀ ਸ਼ਾਨ ਤੇ ਸ਼ੌਕਤ ਨਾਲ ਇਸ ਭਾਰਤ ਵਰਸ਼ ਅੰਦਰ ਬੇ-ਫ਼ਿਕਰ ਹੋਕੇ ਹਕੂਮਤ ਕਰਦੇ ਰਹੇ ।

''ਛੀਨ ਲੀਨ ਭੂਪਤਿ ਸਮਦਾਈ ॥ ਫੇਰੀ ਸਭ ਜਗ ਅਪਨੁ ਦੁਹਾਈ ॥
ਚਾਰੋਂ ਬਰਨ ਚਲੇਂ ਅਨੁਸਾਰੇ ॥ ਪਰਸ ਰਾਮ ਸਮ ਛੱਤ੍ਰੀ ਮਾਰੇ ॥
ਡੇਢ ਹਜ਼ਾਰ ਬਰਸ ਤਕ ਰਾਜੂ ॥ ਕਰਤ ਰਹੇ ਬਡ ਭਯੋ ਸਮਾਜੂ ॥''

-ਗੁਰ ਪ੍ਰਤਾਪ ਸੂਰਜ ਗ੍ਰੰਥ

ਉਸ ਨੰਦ ਖ਼ਾਨਦਾਨ ਦੇ ਸਮੂਹ ਰਾਜਿਆਂ ਨੂੰ ''ਨੰਦ ਕੇ'' ਦੀ ਸੰਗਿਆ ਨਾਲ ਬੁਲਾਇਆ ਜਾਂਦਾ ਸੀ । ਉਹਨਾਂ ਰਾਜਿਆਂ ਵਿਚੋਂ ਇਕ ਨੰਦ ਰਾਜਾ ਬਹੁਤ ਹੀ ਉਘੇ ਪ੍ਰਤਾਪ ਵਾਲਾ ਹੋਇਆ । ਉਸ ਨੇ ਦੇਸ਼ ਭਰ ਦੇ ਬਾਕੀ ਸਾਰੇ ਰਾਜੇ ਮਹਾਰਾਜਿਆਂ ਦਾ ਰਾਜ ਭਾਗ ਖੋਹ ਕੇ ਉਹਨਾਂ ਨੂੰ ਦੇਸ਼ ਨਿਕਾਲਾ ਦੇ ਦਿਤਾ ਹੋਇਆ ਸੀ । ਇਸ ਲਈ ਉਸ ਨੂੰ ਹਮੇਸ਼ਾ ਇਹੋ ਹੀ ਡਰ ਲਗਾ ਰਹਿੰਦਾ ਕਿ ਮਤਾਂ ਉਹ ਦੇਸ਼ ਨਿਕਾਲਾ ਕੀਤੇ ਹੋਏ ਰਾਜੇ ਮਹਾਰਾਜੇ ਕਿਸੇ ਸਮੇਂ ਬ੍ਰਹਿਮਨਾਂ ਪਾਸੋਂ ਵੇਦ ਮੰਤਰਾਂ ਦਾ ਪਾਠ ਕਰਵਾ ਕੇ ਉਸ ਦਾ ਸਾਰਾ ਰਾਜ ਭਾਗ ਹੀ ਨਸ਼ਟ ਨਾ ਕਰਵਾ ਦੇਣ । ਇਸ ਲਈ ਉਸ ਨੇ ਥਾਂ ਥਾਂ ਨੀਯਤੱ ਕੀਤੇ ਗਏ ਅਪਨੇ ਸਮੂਹ ਵਜ਼ੀਰਾਂ ਨੂੰ ਸਲਾਹ ਮਸ਼ਵਰੇ ਲਈ ਹੁਕਮ ਨਾਮੇ ਭੇਜ ਦਿਤੇ । ਜਦੋਂ ਸਾਰੇ ਵਜ਼ੀਰ ਹਾਜ਼ਰ ਹੋ ਗਏ ਤਾਂ ਨੰਦ ਰਾਜੇ ਨੇ

Sri Satguru Jagjit Singh Ji eLibrary NamdhariElibrary@gmail.com

ਬ੍ਰਹਿਮਨ ਲੋਗਾਂ ਵਲੋਂ ਪੈਦਾ ਹੋਈ ਸਾਰੀ ਚਿੰਤਾ ਉਹਨਾ ਨੂੰ ਖੋਲ੍ਹ ਕੇ ਸੁਨਾ ਦਿਤੀ :-

"ਕਰੇ ਇਕੱਤ੍ਰ ਸਚਵ ਨਿਜ ਸਾਰੇ ॥ ਅਪਨੋ ਤ੍ਰਾਸ ਸੁਨਾਇ ਉਚਾਰੇ ॥"

-ਗੁਰ ਪ੍ਰਤਾਪ ਸੂਰਜ ਗ੍ਰੰਥ

ਜਦੋਂ ਦੇਸ਼ ਦੇ ਕੋਨੇ ਕੋਨੇ ਤੋਂ ਆਏ ਹੋਏ ਉਨ੍ਹਾਂ ਸਮੂਹ ਵਜ਼ੀਰਾਂ ਨੂੰ ਇਹ ਪਤਾ ਲਗਾ ਕਿ ਬ੍ਰਹਿਮਨ ਲੋਗ ਉਹਨਾਂ ਨੂੰ ਨਸ਼ਟ ਕਰਨ ਲਈ ਰਾਜ ਵਿਦ੍ਰੋਹੀ ਕਾਰਵਾਈਆਂ ਵਿਚ ਲੁਕ ਛਿਪ ਕੇ ਹਿੱਸਾ ਲੈ ਰਹੇ ਹਨ ਤਾਂ ਉਹਨਾਂ ਸਾਰਿਆਂ ਨੂੰ ਹੀ ਬੜਾ ਭਾਰੀ ਦੁਖ ਹੋਇਆ। ਅਖ਼ੀਰ ਬਹੁਤ ਸੋਚ ਵੀਚਾਰ ਕਰਨ ਪਿਛੋਂ ਉਹ ਵਜ਼ੀਰ ਇਸ ਸਿੱਟੇ ਤੇ ਪੁੱਜੇ ਕਿ ਕੋਈ ਐਸਾ ਰਾਹ ਲਭਿਆ ਜਾਇ ਜਿਸ ਕਰਕੇ ਵੇਦ ਮੰਤਰਾਂ ਦੇ ਪਾਠ ਸਿਰੇ ਹੀ ਨਾ ਚੜ੍ਹ ਸਕਣ।

"ਮਿਲ ਸਭਹਨ ਮਸਲਤਿ ਮਤਿ ਧਾਰੀ ॥<br>ਮੰਤ੍ਰ ਸਿਧ ਨਹਿ ਹੋਇ ਬਿਚਾਰੀ।"

-ਗੁਰ ਪ੍ਰਤਾਪ ਸੂਰਜ ਗ੍ਰੰਥ

ਪੁਰਾਤਨ ਰਿਸ਼ੀਆਂ ਮੁਨੀਆਂ ਤੇ ਅਵਤਾਰਾਂ ਦੇ ਹੁਕਮਾਂ ਅਨੁਸਾਰ ਉਦੋਂ ਹਰ ਕਿਸੇ ਨੂੰ ਇਹ ਪਤਾ ਹੁੰਦਾ ਸੀ ਕਿ ਜਿਸ ਇਨਸਾਨ ਦੇ ਕੇਸ਼ ਕਤਲ ਕਰ ਦਿਤੇ ਜਾਨ ਉਸ ਦੀ ਬੁੱਧੀ ਖਿੰਡੀ ਪੁੰਡੀ ਤੇ ਚਲਚਿਤ (ਡਾਵਾਂ ਡੋਲ) ਹੋ ਜਾਇਆ ਕਰਦੀ ਹੈ। ਐਸਾ ਇਨਸਾਨ ਭਾਵੇਂ ਲੱਖਾਂ ਕਿਸਮਾਂ ਦੇ ਜੱਪ, ਤੱਪ ਤੇ ਪੂਜਾ ਪਾਠ ਆਦਿਕ ਕਿਉਂ ਨਾ ਪਿਆ ਕਰੇ ਉਸ ਦਾ ਕੱਖ ਵੀ ਅਸਰ ਨਹੀਂ ਹੋ ਸਕਿਆ ਕਰਦਾ। ਇਸ ਕੁਦਰਤੀ ਅਸੂਲ ਨੂੰ ਮੁਖ ਰਖਦੇ ਹੋਇਆਂ ਨੰਦ ਰਾਜੇ ਦੇ ਸਮੂਹ ਵਜ਼ੀਰਾਂ ਨੇ ਇਹ ਫ਼ੈਸਲਾ ਕੀਤਾ ਕਿ ਦੇਸ਼ ਭਰ ਦੇ ਸਮੂਹ ਵਿਦਵਾਨ ਬ੍ਰਹਿਮਨਾਂ ਦੇ ਕੇਸ਼ ਕਤਲ ਕਰ ਦਿਤੇ ਜਾਨ ਅਤੇ ਰਾਜ ਵਿਦ੍ਰੋਹੀ ਕਾਰਵਾਈਆਂ ਵਿਚ ਹਿੱਸਾ ਲੈਣ ਦੀ ਸਜ਼ਾ ਵਜੋਂ ਉਹਨਾਂ ਦੇ ਮੁੰਨੇ ਹੋਏ ਸਿਰਾਂ ਉਪਰ ਅਜਿਹੀ ਮੋਹਰ ਛਾਪ ਲਾ ਦਿਤੀ ਜਾਏ ਜਿਸ ਨੂੰ ਵੇਖਦਿਆਂ ਹੀ ਹਰ ਇਨਸਾਨ ਨੂੰ ਪਤਾ ਲਗ ਜਾਏ ਕਿ ਇਹ ਬ੍ਰਹਿਮਨ "ਸ਼ੂਦ੍ਰ ਛਾਪ" (ਨੀਚ ਬੁੱਧੀ ਵਾਲੇ) ਹੋ ਚੁਕੇ ਹਨ ਜਿਸ ਕਰਕੇ ਇਹਨਾਂ ਦੇ ਕੀਤੇ ਹੋਏ ਪੂਜਾ ਪਾਠ ਆਦਿਕ ਸਭ ਨਿਸਫਲ ਚਲੇ ਜਾਂਦੇ ਹਨ।

"ਦਿਜਬਰ ਬਿਦਿਆ ਜਿਤਕ ਪ੍ਰਬੀਨਾ ॥<br>ਸਭ ਕੋ ਕੀਜਹਿ ਕੇਸ਼ ਬਹੀਨਾ ॥<br>ਸੂਦ੍ਰ ਛਾਪ ਅਪਨੀ ਦਿਹੁ ਲਾਇ ॥<br>ਮੂੰਡੇ ਸੀਸ ਮੰਤ੍ਰ ਨਿਫਲਾਇ ॥<br>ਬਰਨੀ ਸਿਧ ਨ ਕਿਸ ਕੀ ਹੋਇ ॥<br>ਅਨਕ ਉਪਾਇ ਕਰੇ ਜੇ ਕੋਇ ॥"

-ਗੁਰ ਪ੍ਰਤਾਪ ਸੂਰਜ ਗ੍ਰੰਥ

ਨੰਦ ਬਾਦਸ਼ਾਹ ਦੇ ਵਜ਼ੀਰਾਂ ਵਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਹੋਇਆ ਉਪਰੋਕਤ ਫ਼ੈਸਲਾ ਨਾ ਕੇਵਲ ਸਾਇੰਟਿਫ਼ਿਕ ਹੀ ਸੀ ਬਲਕਿ ਪੁਰਾਤਨ ਰਿਸ਼ੀਆਂ, ਮੁਨੀਆਂ, ਅਵਤਾਰਾਂ ਅਤੇ ਸਮੂਹ ਧਾਰਮਕ ਗ੍ਰੰਥਾਂ ਦੇ ਫ਼ੁਰਮਾਨ ਮੁਤਾਬਿਕ ਅਨਕੂਲ ਵੀ ਸੀ। ਇਸ ਲਈ ਨੰਦ ਬਾਦਸ਼ਾਹ ਨੂੰ ਇਹ ਫ਼ੈਸਲਾ ਬਹੁਤ ਹੀ ਪਸੰਦ ਆਇਆ। ਇੰਜ ਉਸ ਨੇ ਬਿਨਾ ਕਿਸੇ ਕਿਸਮ ਦੀ ਦੇਰੀ ਕਰਨ ਦੇ, ਦੇਸ਼ ਭਰ ਦੇ ਸਮੂਹ ਪੜ੍ਹੇ ਲਿਖੇ ਵਿਦਵਾਨ ਬ੍ਰਹਿਮਨਾਂ ਨੂੰ ਜਿਥੋਂ ਕਿਥੋਂ ਕੈਦ ਕਰਵਾ ਕੇ ਅਪਨੇ ਪਾਸ ਮੰਗਵਾ ਲਿਆ। ਜਦੋਂ ਸਭ ਵਿਦਵਾਨ ਬ੍ਰਹਿਮਨ ਫੜੇ ਹੋਏ ਆ ਗਏ ਤਾਂ ਉਸ ਨੰਦ ਬਾਦਸ਼ਾਹ ਨੇ ਅਪਨੇ ਹੁਕਮ ਨਾਲ ਉਹਨਾਂ ਸਭ ਬ੍ਰਹਿਮਨਾਂ ਦੇ

Sri Satguru Jagjit Singh Ji eLibrary NamdhariElibrary@gmail.com

ਕੇਸ਼ ਅਤੇ ਦਾੜ੍ਹੀਆ ਨੂੰ ਜ਼ਬਰ ਦਸਤੀ ਮੁੰਡਵਾ ਦਿਤਾ। ਅਜਿਹਾ ਕਰਕੇ ਨੰਦ ਬਾਦਸ਼ਾਹ ਅਪਨੀ ਹਕੂਮਤ ਦੇ ਨਸ਼ਟ ਕੀਤੇ ਜਾਨ ਵਾਲੀ ਭਿਆਨਕ ਕਿਸਮ ਦੀ ਸਾਜ਼ਿਸ਼ ਵਲੋਂ ਪੂਰਨ ਤੌਰ ਤੇ ਬੇ-ਫ਼ਿਕਰ ਹੋ ਗਿਆ।

ਸੁਨ ਮਹਿਪਤਿ ਕੇ ਮਨ ਮਹਿ ਭਾਈ ॥
ਜਹਿ ਕਹਿ ਤੇ ਦਿਜ (ਬ੍ਰਹਿਮਨ) ਲੀਏ ਬੁਲਾਈ ॥
ਨਿਜ ਬਲ ਕਰਕੇ ਸਿਰ ਮੁੰਡਵਾਏ ॥
ਸਮਸ (ਦਾੜ੍ਹੀ) ਸਮੇਤ ਕੇਸ਼ ਬਿਨਸਾਏ ॥

-ਗੁਰ ਪ੍ਰਤਾਪ ਸੂਰਜ ਗ੍ਰੰਥ

ਕੇਸ਼ਾਂ ਦੇ ਮੁੰਨੇ ਜਾਨ ਕਰਕੇ ਬ੍ਰਹਿਮਨ ਲੋਕਾਂ ਅੰਦਰ ਰੂਹਾਨੀਅਤ (Spirituality) ਦਾ ਪ੍ਰਕਾਸ਼ ਹੋਣਾ ਸੁਤੇ ਸਿੱਧ ਹੀ ਬੰਦ ਹੋ ਗਿਆ, ਜਿਸ ਕਰਕੇ ਉਹਨਾਂ ਦਾ ਸਾਰਾ ਧਿਆਨ ਹੁਨ ਆਤਮਕ ਉਨੱਤੀ ਵਾਲੇ ਸ਼ੁਭ ਗੁਣਾਂ ਨੂੰ ਪੈਦਾ ਕਰਨ ਦੀ ਥਾਂ ਨਿਰੋਲ ਮਾਦਾ-ਪ੍ਰਸਤੀ (Materialism) ਭਾਵ ਦੁਨਿਆਵੀ ਖ਼ਾਹਿਸ਼ਾਂ ਤੇ ਲੋਭ ਲਾਲਚਾਂ ਵਲ ਨੂੰ ਖਿਚਿਆ ਗਿਆ। ਬ੍ਰਹਿਮਨਾਂ ਅੰਦਰ ਇਹੋ ਜਹੀ ਭ੍ਰਿਸ਼ਟ ਬੁਧੀ ਪੈਦਾ ਕਰਨ ਲਈ ਹੀ ਨੰਦ ਬਾਦਸ਼ਾਹ ਨੇ ਉਹਨਾਂ ਦੇ ਕੇਸ਼ ਕਤਲ ਕਰਵਾਏ ਸਨ।

ਹੁਣ ਕੇਸ਼ ਹੀਨ ਬ੍ਰਹਿਮਨ ਐਸ਼ ਪ੍ਰਸਤੀ ਅਤੇ ਰੰਗ ਰਲੀਆਂ ਮਾਨਣ ਲਈ ਨਿਤ ਨਵੀਂ ਤੋਂ ਨਵੀਂ ਮੰਗ ਨੰਦ ਬਾਦਸ਼ਾਹ ਦੇ ਸਾਹਮਣੇ ਰਖ ਦਿਆ ਕਰਦੇ ਅਤੇ ਉਹ ਰਾਜਾ ਉਹਨਾਂ ਦੀ ਹਰ ਯੋਗ ਅਯੋਗ ਮੰਗ ਪੂਰੀ ਕਰਦਾ ਚਲਿਆ ਗਿਆ। ਮਤਲਬ ਇਹ ਕਿ ਉਹਨਾਂ ਸਿਰ ਮੂੰਹ ਮੁੰਨੇ ਤੇ ਰੂਪ ਤੋਂ ਕਰੂਪ ਹੋਏ ਬ੍ਰਹਿਮਨਾਂ ਨੂੰ ਮੂੰਹ ਮੰਗੇ ਵਿਸ਼ੱਈ ਪਦਾਰਥ ਤੇ ਛੱਤੀ ਪ੍ਰਕਾਰ ਦੇ ਭੋਜਨ ਜਿਹਲ ਵਿਚ ਹੀ ਪਹੁੰਚ ਜਾਇਆ ਕਰਦੇ। ਇਸ ਤੋਂ ਛੁਟ ਚੰਗੇ ਤੋਂ ਚੰਗੇ ਬਸਤ੍ਰ ਉਹਨਾਂ ਨੂੰ ਪਹਿਰਨ ਲਈ ਦਿਤੇ ਜਾਂਦੇ ਪਰ ਸਭ ਕੁਛ ਹਾਸਲ ਕਰਕੇ ਵੀ ਕੇਸ਼ ਹੀਨ ਬ੍ਰਹਿਮਨਾਂ ਦੀ ਤ੍ਰਿਸ਼ਨਾ ਦਿਨੋ ਦਿਨ ਵਧਦੀ ਹੀ ਚਲੀ ਗਈ। ਕੇਸ਼ ਮੁੰਨੇ ਜਾਨ ਕਰਕੇ ਉਹਨਾਂ ਅੰਦਰ ਆ ਰਹੀ ਇਹੋ ਜਿਹੀ ਗਿਰੀ ਹੋਈ (Mean) ਆਚਰਨਕ ਤਬਦੀਲੀ ਨੂੰ ਨੰਦ ਬਾਦਸ਼ਾਹ ਅਤੇ ਉਸ ਦੇ ਵਜ਼ੀਰ ਖਾਸ ਗਹੁ ਨਾਲ ਨੋਟ ਕਰਦੇ ਰਹੇ।

ਜਦੋਂ ਨੰਦ ਬਾਦਸ਼ਾਹ ਨੇ ਡਿੱਠਾ ਕਿ ਬ੍ਰਹਿਮਨਾਂ ਦੀ ਬੁੱਧੀ ਨੂੰ ਭ੍ਰਿਸ਼ਟ ਕਰਨ ਲਈ ਉਸ ਵਲੋਂ ਚਲਾਇਆ ਗਿਆ ਤੀਰ ਠੀਕ ਨਿਸ਼ਾਨੇ ਤੇ ਜਾਕੇ ਲਗਾ ਹੈ ਤਾਂ ਉਸ ਨੇ ਉਹਨਾਂ ਕੇਸ਼ ਹੀਨ ਬ੍ਰਹਿਮਨਾਂ ਰਾਹੀਂ ਦੇਸ਼ ਭਰ ਦੇ ਬਾਕੀ ਰਹਿੰਦੇ ਅਨਪੜ੍ਹ ਬ੍ਰਹਿਮਨਾਂ ਉਪਰ ਵੀ ਉਹਨਾਂ ਜਿਹਾ ਹੀ ਵਾਰ ਕਰਨਾ ਚਾਹਿਆ। ਅਜਿਹਾ ਕਰਨ ਤੋਂ ਉਸ ਦਾ ਭਾਵ ਕੇਵਲ ਇਹੋ ਹੀ ਸੀ ਕਿ ਇਸ ਭਾਰਤ ਵਰਸ਼ ਅੰਦਰ ਕੋਈ ਵੀ ਬ੍ਰਹਿਮਨ ਕੇਸ਼ ਧਾਰੀ ਨਾ ਰਹਿਨ ਦਿਤਾ ਜਾਏ ਤਾਂ ਜੋ ਫਿਰ ਕਿਸੇ ਹੋਰ ਸਮੇਂ ਉਹ ਮੁੜ ਵੇਦ ਆਦਿਕ ਧਾਰਮਕ ਗ੍ਰੰਥਾਂ ਦਾ ਪਾਠ ਕਰਕੇ ਉਸ ਦੇ ਰਾਜ ਭਾਗ ਨੂੰ ਨਸ਼ਟ ਕਰਨ ਲਈ ਕੋਈ ਪਹਿਲੇ ਜੇਹੀ ਸਾਜ਼ਿਸ਼ ਖੜੀ ਨਾ ਕਰ ਸਕਨ। ਇਸ ਲਈ ਨੰਦ ਬਾਦਸ਼ਾਹ ਨੇ ਉਹਨਾਂ ਕੈਦ ਵਿਚ ਰਖੇ ਹੋਏ ਕੇਸ਼ ਹੀਨ ਬ੍ਰਹਿਮਨਾਂ ਨੂੰ ਇਹ ਗਲ ਕਹੀ ਕਿ ਜੇ ਉਹਨਾਂ ਨੂੰ ਅਪਨੀਆਂ ਜਾਨਾਂ ਦੀ ਲੋੜ ਹੈ ਤਾਂ ਅਪਨੇ ਧਾਰਮਕ ਗ੍ਰੰਥਾਂ ਅੰਦਰ ਅਜਿਹੇ ਝੂਠੇ ਸਲੋਕ ਤਿਆਰ ਕਰਕੇ ਲਿਖ ਦੇਨ ਜਿਨ੍ਹਾਂ ਨੂੰ ਪੜ੍ਹ ਸੁਣ ਕੇ ਅਗੇ ਤੋਂ ਕੋਈ ਵੀ ਬ੍ਰਹਿਮਨ ਕੇਸ਼ ਦਾੜ੍ਹੀ ਨਾ ਰਖਿਆ ਕਰੇ। ਜੇ ਉਹ ਐਸਾ ਨਹੀਂ ਕਰਨਗੇ ਤਾਂ ਉਹਨਾਂ ਸਾਰਿਆਂ ਨੂੰ ਹੀ ਬੜੀ ਭਾਰੀ ਬੇ-ਬਹਿਮੀ ਨਾਲ ਟੁਕੜੇ ਟੁਕੜੇ ਕਰਕੇ ਕਤਲ ਕਰ ਦਿਤਾ ਜਾਵੇਗਾ। ਕੇਸ਼ ਕੱਟੇ ਜਾਨ ਕਰਕੇ ਉਹ ਬ੍ਰਹਿਮਨ ਚੂੰਕਿ ਕਾਇਰ ਤੇ ਬੁਜ਼ਦਿਲ ਹੋ ਚੁਕੇ ਹੋਏ ਸਨ ਇਸ ਲਈ ਮੌਤ ਦਾ ਨਾਮ ਸੁਣ ਕੇ ਹੀ ਉਹ ਥਰ ਥਰ ਕੰਬਣ ਲਗ ਪਏ। ਇਸ ਲਈ ਮੌਤ ਤੋਂ ਬਚਣ ਲਈ ਉਹਨਾਂ ਕੇਸ਼ ਹੀਨ ਬ੍ਰਹਿਮਨਾਂ ਨੇ ਆਪਸ ਵਿਚ ਇਹ ਫ਼ੈਸਲਾ ਕੀਤਾ ਕਿ ਝੂਠੇ ਸਲੋਕ ਲਿਖਣ ਸਦਕਾ ਭਵਿਖਤ ਵਿਚ ਮਨੁੱਖਤਾ ਲਈ ਭਾਵੇਂ ਕਿਹੋ ਜਹੇ ਹੀ ਭਿਆਨਕ

Sri Satguru Jagjit Singh Ji eLibrary NamdhariElibrary@gmail.com

ਸਿੱਟੇ ਨਿਕਲਣ ਪਰ ਉਹ ਅਪਨੇ ਆਪ ਨੂੰ ਮੌਤ ਦੇ ਪੰਜੇ ਵਿਚ ਕਿਉਂ ਪਾਉਨ ? ਕਿਉਂਕਿ ''ਜੇ ਅਪਨੀ ਜਾਨ ਹੈ ਤਾਂ ਜਹਾਨ ਹੈ'' ਵਰਨਾ ਕੁਛ ਵੀ ਨਹੀਂ। ਅਜਿਹੇ ਨੀਚ ਪੁਣੇ ਵਾਲੇ ਖ਼ਿਆਲ ਸਦਕਾ ਉਹਨਾਂ ਕਾਇਰਾਂ ਨੇ ਨੰਦ ਬਾਦਸ਼ਾਹ ਦੇ ਉਸ ਭਾਰੀ ਅਯੋਗ ਹੁਕਮ ਸਾਹਮਣੇ ਅਪਨਾ ਸਿਰ ਨੀਵਾਂ ਕਰ ਦਿਤਾ ਅਤੇ ਉਹਨਾ ਵਿਚ ਕਵੀ, ਸ਼ਾਇਰ, ਬਾਹ੍ਮਨਾਂ ਨੇ ਝੂਠੇ ਸ਼ਲੋਕ ਤਿਆਗ ਕਰਕੇ ਕਈ ਇਕ ਧਾਰਮਕ ਗ੍ਰੰਥਾਂ ਅੰਦਰ ਇਹ ਲਿਖ ਦਿਤਾ ਕਿ ਬ੍ਰਹਿਮਨ ਲੋਕਾਂ ਲਈ ਕੇਸ਼ ਰਖਨੇ ਕੋਈ ਜ਼ਰੂਰੀ ਹੁਕਮ ਨਹੀਂ ਅਥਵਾ ਬ੍ਰਹਿਮਨਾਂ ਨੂੰ ਅਗੇ ਤੋਂ ਅਪਨੇ ਸਿਰ ਮੁੰਡਵਾ ਕੇ ਰਖਨੇ ਚਾਹੀਦੇ ਹਨ। ਇੰਜ ਨੰਦ ਰਾਜੇ ਨੇ ਉਹਨਾਂ ਕਾਇਰ ਤੇ ਬੁਜ਼ਦਿਲ ਹੋ ਚੁਕੇ ਕੇਸ਼ ਹੀਨ ਬ੍ਰਹਿਮਨਾਂ ਨੂੰ ਮੌਤ ਦਾ ਡਰ ਦੇ ਕੇ ਉਹਨਾਂ ਪਾਸੋਂ ਅਪਨੇ ਮਤਲਬ ਦੇ ਝੂਠੇ ਸਲੋਕ ਬਨਵਾ ਕੇ ਕਈ ਇਕ ਧਾਰਮਕ ਗਰੰਥਾਂ ਅੰਦਰ ਦਰਜ ਕਰਵਾ ਦਿਤੇ।

''ਕਵੀਅਨ ਤੇ ਸਲੋਕ ਬਨਵਾਇ ॥ ਬਹੁ ਗ੍ਰੰਥਨ ਮਹਿ ਦਏ ਲਿਖਾਏ ॥''

-ਗੁਰ ਪ੍ਰਤਾਪ ਸੂਰਜ ਗ੍ਰੰਥ

ਹੁਣ ਕਈ ਇਕ ਧਾਰਮਕ ਗ੍ਰੰਥਾਂ ਅੰਦਰ ਅਜਿਹੇ ਝੂਠੇ ਸਲੋਕ ਲਿਖਵਾ ਲੈਣ ਪਿਛੋਂ ਉਹਨਾ ਕੇਸ਼ ਹੀਨ ਬ੍ਰਹਿਮਨਾਂ ਨੂੰ ਇਸ ਸ਼ਰਤ ਤੇ ਛਡ ਦਿਤਾ ਗਿਆ ਕਿ ਬਾਹਰ ਜਾ ਕੇ ਉਹ ਦੇਸ਼ ਦੇ ਬਾਕੀ ਸਭ ਬ੍ਰਹਿਮਨਾਂ ਨੂੰ ਵੀ ਕੇਸ਼ ਹੀਨ ਕਰ ਦੇਨਗੇ। ਪਰ ਜਦੋਂ ਲੋਕਾਂ ਨੇ ਉਨ੍ਹਾਂ ਕੈਦ ਵਿਚੋਂ ਛੁਟ ਕੇ ਆਏ ਬ੍ਰਹਿਮਨਾਂ ਨੂੰ ਮੂੰਹ ਸਿਰ ਮੁੰਨੇ ਹੋਏ ਡਰਾਉਣੀਆਂ ਸ਼ਕਲਾਂ ਵਿਚ ਡਿੱਠਾ ਤਾਂ ਉਹਨਾਂ ਨੇ ਕੇਸ਼ ਹੀਨ ਹੋ ਚੁਕੇ ਬ੍ਰਹਿਮਨਾਂ ਨੂੰ ਭਾਰੀ ਲਾਨ੍ਹਤਾਂ ਤੇ ਫਿਟਕਾਰਾਂ ਪਾਉਣੀਆਂ ਸ਼ੁਰੂ ਕਰ ਦਿਤੀਆਂ । ਇਥੋਂ ਤਕ ਕਿ ਗਲੀ ਮਹਲਿਆਂ ਦੇ ਸਮੂਹ ਬੱਚੇ ਤਾੜੀਆਂ ਮਾਰ ਕੇ ਹੋ ਹੋ ਕਰਦੇ ਹੋਏ ਉਹਨਾਂ ਨੂੰ ਅਪਨੇ ਅਗੇ ਲਾ ਲਿਆ ਕਰਦੇ ਤੇ ਇੰਜ ਉਹਨਾਂ ਨੂੰ ਸ਼ਹਿਰੋ ਸ਼ਹਿਰ ਤੇ ਪਿੰਡੋ ਪਿੰਡ ਜ਼ਲੀਲ ਤੇ ਖ਼ਵਾਰ ਕੀਤਾ ਜਾਨ ਲਗ ਪਿਆ। ਇਹੋ ਜਹੀ ਭਾਰੀ ਬੇ-ਸ਼ਰਮੀ ਤੇ ਨਿਤ ਦੀ ਜ਼ਲਾਲਤ ਭਰੀ ਜ਼ਿੰਦਗੀ ਤੋਂ ਤੰਗ ਆਕੇ ਉਹਨਾਂ ਕੇਸ਼ ਹੀਨ ਹੋ ਚੁਕੇ ਬ੍ਰਹਿਮਨਾਂ ਨੇ ਇਹ ਗਲ ਕਹਿਨੀ ਸ਼ੁਰੂ ਕਰ ਦਿਤੀ ਕਿ ਕੇਸ਼ ਦਾੜ੍ਹੀਆਂ ਨੂੰ ਮੁੰਡਾਉਨਾ ਵੀ ਇਕ ਜ਼ਰੂਰੀ ਧਰਮ ਹੁੰਦਾ ਹੈ। ਅਪਨੀ ਇਸ ਬਨਾਉਟੀ ਤੇ ਝੂਠੀ ਗਲ ਨੂੰ ਸੱਚਾ ਸਾਬਤ ਕਰਨ ਲਈ ਉਹ ਲੋਕ ਅਪਨੇ ਬਨਾਏ ਹੋਏ ਝੂਠੇ ਸਲੋਕ ਪੜ੍ਹ ਪੜ੍ਹ ਕੇ ਲੋਕਾਂ ਨੂੰ ਸੁਣਾਇਆ ਕਰਦੇ ਤੇ ਇੰਜ ਉਹਨਾਂ ਸਾਹਮਣੇ ਅਪਨੇ ਆਪ ਨੂੰ ਸੱਚਾ ਸਾਬਤ ਕਰਨ ਦਾ ਯਤਨ ਕਰਿਆ ਕਰਦੇ। ਕੇਸ਼ਾਂ ਸਬੰਧੀ ਇਹੋ ਜਿਹਾ ਗਲਤ ਤੇ ਝੂਠਾ ਪ੍ਰਚਾਰ ਹੁਨ ਬੜੇ ਜ਼ੋਰ ਸ਼ੋਰ ਨਾਲ ਕੀਤਾ ਜਾਨ ਲਗ ਪਿਆ। ਨਤੀਜਾ ਇਹ ਹੋਇਆ ਕਿ ਭਾਰਤ ਵਰਸ਼ ਦੇ ਭੋਲੇ ਭਾਲੇ ਤੇ ਧਾਰਮਕ ਵਿਦਿਆ ਵਲੋਂ ਅਨਪੜ੍ਹ ਰਖੇ ਹੋਏ ਲੋਗ ਉਹਨਾਂ ਕੇਸ਼ ਹੀਨ ਹੋ ਚੁਕੇ ਬ੍ਰਹਿਮਨਾਂ ਦੇ ਝਾਂਸੇ ਵਿਚ ਆਉਂਦੇ ਚਲੇ ਗਏ। ਇਸ ਚੀਜ਼ ਨੂੰ ਇੰਜ ਸਮਝ ਲਵੋ ਕਿ ਜਦੋਂ ਭਾਰਤ ਵਾਸੀ ਲੋਕਾਂ ਨੇ ਅਪਨੇ ਧਾਰਮਕ ਆਗੂ ਬ੍ਰਹਿਮਨ ਲੋਗਾਂ ਨੂੰ ਹਰ ਰੋਜ਼ ਮੂੰਹ ਸਿਰ ਮੁੰਡਾਉਂਦੇ ਡਿੱਠਾ ਤਾਂ ਉਹ ਵੀ ਇਸ ਕੇਸ਼ ਮੁੰਡਾਉਣ ਵਾਲੀ ਭੇਡ ਚਾਲ ਦੇ ਪਿਛੇ ਧੜਾ ਧੜ ਲਗ ਤੁਰੇ। ਜਿਸ ਤਰ੍ਹਾਂ ਯੂਰਪ ਵਿਚੋਂ ਆਏ ਕਰਜ਼ਨ ਫ਼ੈਸ਼ਨ ਦਾ ਸਦਕਾ ਲਖਾਂ ਭਾਰਤ ਵਾਸੀ ਲੋਕਾਂ ਨੇ ਆਪਨੀਆਂ ਮੁੱਛਾਂ ਤਕ ਮੁੰਡਾਉਣੀਆਂ ਸ਼ੁਰੂ ਕਰ ਦਿਤੀਆਂ ਹੋਈਆਂ ਹਨ, ਠੀਕ ਉਸੇ ਹੀ ਤਰ੍ਹਾਂ ਸੰਸਾਰ ਭਰ ਦੇ ਬਾਕੀ ਸਮੂਹ ਦੇਸ਼ਾਂ ਨੇ ਭਾਰਤ ਵਾਸੀਆਂ ਦੀ ਨਕਲ ਕਰਦੇ ਹੋਇਆਂ ਉਦੋਂ ਅਪਨੇ ਮੂੰਹ ਸਿਰ ਮੁੰਡਾਉਣੇ ਸ਼ੁਰੂ ਕਰ ਦਿਤੇ। ਇੰਜ ਉਹਨਾਂ ਕੇਸ਼ ਹੀਨ ਹੋ ਚੁਕੇ ਬ੍ਰਹਿਮਨ ਲੋਗਾਂ ਨੇ ਅਪਨੇ ਘੜੇ ਹੋਏ ਝੂਠੇ ਸਲੋਕ ਜਨਤਾ ਨੂੰ ਸੁਣਾ ਸੁਣਾ, ਇਹ ਕਹਿੰਦੇ ਹੋਇਆਂ ਕਿ ਕੇਸ਼ ਮੁੰਡਾਉਣਾ ਵੀ ਇਕ ਜ਼ਰੂਰੀ ਧਰਮ ਹੁੰਦਾ ਹੈ ਖਤਰੀ, ਬ੍ਰਹਿਮਨ, ਸ਼ੂਦ, ਵੈਸ਼ ਆਦਿਕ ਸਭ ਲੋਕਾਂ ਦੇ ਕੇਸ਼ ਮੁੰਡਵਾ ਦਿਤੇ। ਭਾਵ ਸਭ ਇਕ ਵਰਨ ਹੋ ਗਏ।

''ਸਭ ਜਗ ਮੂੰਡਤਿ ਭਏ ਬਿਪ੍ਰ ਜਬ ॥

Sri Satguru Jagjit Singh Ji eLibrary NamdhariElibrary@gmail.com

ਇਹ ਭੀ ਧਰਮ ਬਖਨਾਤਿ ਭੇ ਤਬ ॥
ਪਠਹਿ ਸਲੋਕ ਸੁਨਾਵਣ ਕਰੇ ॥
ਛਤ੍ਰੀ ਬੈਸਨਿ ਕੇ ਕਚ (ਕੇਸ਼) ਹਰੇ ॥

-ਗੁਰ ਪ੍ਰਤਾਪ ਸੂਰਜ ਗ੍ਰੰਥ

ਇਸ ਵਿਚ ਕੋਈ ਸ਼ਕ ਨਹੀ ਕਿ ਸਾਰੀ ਦੀ ਸਾਰੀ ਬ੍ਰਹਿਮਨ ਕੌਮ ਨੇ ਅਪਨੇ ਸਿਰ-ਕੱਢ ਲੀਡਰਾਂ ਦੇ ਕਹੇ ਲਗ ਕੇ ਅਪਨੇ ਕੇਸ਼ ਮੁੰਡਾ ਲਏ ਸਨ ਪਰ ਜੇ ਇਹ ਘਰ ਫੂਕ ਤਮਾਸ਼ਾ ਕੇਵਲ ਬ੍ਰਹਿਮਨਾਂ ਤਕ ਹੀ ਰਹਿੰਦਾ ਤਾਂ ਦੇਸ਼ ਦੀ ਤਬਾਹੀ ਸ਼ਾਇਦ ਕੁਛ ਘਟ ਹੀ ਹੁੰਦੀ ਕਿਉਂਕਿ ਜੇ ਘਟ ਘਟ ਖਤਰੀ ਲੋਕ ਹੀ ਅਪਨੇ ਸਿਰਾਂ ਨੂੰ ਨਾ ਮੁੰਡਾਉਂਦੇ ਤਾਂ ਪਵਿਤ੍ਰ ਕੇਸ਼ਾਂ ਦੀ ਬਰਕਤ ਸਦਕਾ ਪਰਾਪਤ ਹੋਨ ਵਾਲੀਆਂ ਅਥਾਹ ਸ਼ਕਤੀਆ ਕਰਕੇ ਉਹ ਪਹਿਲੇ ਵਾਂਙ ਸੂਰਬੀਰ ਯੋਧੇ ਬਨੇ ਰਹਿਨ ਕਾਰਨ ਗ਼ੈਰ ਹਮਲਾ ਆਵਰਾ ਪਾਸੋਂ ਅਪਨੇ ਦੇਸ਼ ਦੀ ਰਖਿਆ ਤਾਂ ਕਰ ਲੈਂਦੇ ਪਰ ਅਫ਼ਸੋਸ! ਉਹ ਲੋਗ ਵੀ ਬ੍ਰਹਿਮਨਾਂ ਦੇ ਝਾਂਸੇ ਵਿਚ ਆ ਗਏ। ਇਸੇ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੜੇ ਅਫ਼ਸੋਸ ਨਾਲ ਇਹ ਗਲ ਕਹਿਨੀ ਪਈ ਸੀ ਕਿ ਜਦੋਂ ਖਤਰੀ ਲੋਕਾਂ ਨੇ ਵੀ ਸਾਬਤ ਸੂਰਤ ਰਹਿਨ ਵਾਲੇ ਅਪਨੇ ਕਸ਼ਤਰੀ ਧਰਮ ਨੂੰ ਤਿਆਗ ਦਿਤਾ ਤਾਂ ਉਸ ਹਾਲਤ ਅੰਦਰ ਦੇਸ਼ ਅਤੇ ਧਰਮ ਦੀ ਰਖਿਆ ਦਾ ਸਵਾਲ ਹੀ ਖ਼ਤਮ ਹੋ ਗਿਆ।

"ਖਤਰੀਆਂ ਤਾਂ ਧਰਮ ਛੋਡਿਆ, ਮਲੇਛ ਭਾਖਿਆ ਗਹੀ ॥
ਸ੍ਰਿਸ਼ਟ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥"

-ਧਨਾਸਰੀ ਮਹਲਾ੧

ਉਪਰੋਕਤ ਸਾਰੇ ਕਥਨ ਦਾ ਭਾਵ ਇਹ ਹੈ ਕਿ ਬ੍ਰਹਿਮਨ ਲੋਕਾਂ ਦੇ ਕੇਸ਼ ਮੁੰਨੇ ਜਾਨ ਕਰਕੇ ਜਦੋਂ ਉਹਨਾਂ ਦੀ ਬੁੱਧੀ ਭ੍ਰਿਸ਼ਟ ਹੋ ਗਈ ਤਾਂ ਉਹਨਾਂ ਘਟ ਦੂਰ ਦ੍ਰਿਸ਼ਟੀ (ਨਾ-ਦੂਰ-ਅੰਦੇਸ਼) ਹੋ ਚੁਕੇ ਧਾਰਮਕ ਆਗੂਆਂ ਨੇ ਕੇਵਲ ਅਪਨੀ ਬੇ-ਸ਼ਰਮੀ ਤੇ ਬੇ-ਇਜ਼ੱਤੀ ਨੂੰ ਧੋਣ ਲਈ ਝੂਠੇ ਪ੍ਰਚਾਰ ਸਦਕਾ ਸਾਰੇ ਸੰਸਾਰ ਨੂੰ ਹੀ ਕੇਸ਼ ਮੁੰਡਾਉਣ ਵਾਲੀ ਭੇਡ ਚਾਲ ਦੇ ਪਿਛੇ ਲਾ ਦਿਤਾ।

"ਬਿਪ੍ਰਨ ਅਪਨੇ ਸਿਰ ਮੁੰਡਵਾਏ ॥
ਅਪਰ ਲੋਗ ਮਗੁ ਇਸੀ ਚਲਾਏ ॥"

-ਗੁਰ ਪ੍ਰਤਾਪ ਸੂਰਜ ਗ੍ਰੰਥ

ਕੋਈ ਸਮਾਂ ਸੀ ਕਿ ਬ੍ਰਹਿਮਨ ਲੋਗ ਇਹ ਪ੍ਰਚਾਰ ਕਰਿਆ ਕਰਦੇ ਸਨ ਕਿ ਤੰਬਾਕੂ ਪੀਣਾ ਇਸ ਲਈ ਬੁਰਾ ਹੈ ਕਿਉਂਕਿ ਉਹ ਗਊ ਦੇ ਲਹੂ ਨਾਲ ਵੱਤ੍ਰ (ਤਰ) ਕੀਤੀ ਹੋਈ ਧਰਤੀ ਵਿਚੋਂ ਪੈਦਾ ਹੋਇਆ ਸੀ। ਇਸ ਦੇ ਸਬੂਤ ਵਿਚ ਉਹ ਲੋਗ ਇਹ ਗਲ ਕਿਹਾ ਕਰਦੇ ਕਿ "ਵੇਖੋ ਤੰਬਾਕੂ ਦਾ ਪੱਤਾ ਇਸੇ ਲਈ ਗਊ ਦੇ ਕੰਨ ਜਹੀ ਸ਼ਕਲ ਸੂਰਤ ਵਾਲਾ ਹੁੰਦਾ ਹੈ ਕਿਉਂਕਿ ਉਹ ਗਊ ਦੇ ਖ਼ੂਨ ਨਾਲ ਵੱਤ੍ਰ ਹੋਈ ਧਰਤੀ ਵਿਚੋਂ ਪੈਦਾ ਹੋਇਆ ਸੀ।" ਪਰ ਜਦੋਂ ਕੇਸ਼ ਕੱਟੇ ਜਾਨ ਕਰਕੇ ਉਹਨਾਂ ਦੀ ਅਪਨੀ ਹੀ ਬੁੱਧੀ ਭ੍ਰਿਸ਼ਟ ਹੋ ਗਈ ਤਾਂ ਉਹਨਾਂ ਨੇ ਇਨਸਾਨ ਦੇ ਸ਼ਰੀਰ ਦਾ ਸਤਿਆ ਨਾਸ਼ ਕਰ ਦੇਨ ਵਾਲੀ ਤੰਬਾਕੂ ਜੈਸੀ ਭਿਆਨਕ ਹਾਨੀ-ਕਾਰਕ ਜਗਤ ਜੂਠ ਨੂੰ ਵੀ ਪੀਣਾ ਸ਼ੁਰੂ ਕਰ ਦਿਤਾ। ਸੋ ਪਾਠਕ ਜੀਓ! ਇਸ ਤਰ੍ਹਾਂ ਜਿਥੇ ਕੇਸ਼ ਮੁੰਡਾਉਣ ਵਾਲੀ ਭੇਡ ਚਾਲ ਸ਼ੁਰੂ ਹੋਈ ਉਥੇ ਗਊ ਦੇ ਲਹੂ ਨਾਲ ਤਰ ਹੋਈ ਧਰਤੀ ਵਿਚੋਂ ਪੈਦਾ ਹੋਏ ਤੰਬਾਕੂ ਨੂੰ ਵੀ ਲੋਕਾਂ ਨੇ ਪੀਣਾ ਸ਼ੁਰੂ ਕਰਦਿਤਾ। ਅਫ਼ਸੋਸ! ਸਦ-ਅਫ਼ਸੋਸ!!

"ਜਗਤ ਜੂਠ (ਤੰਬਾਕੂ) ਕਹੁ ਅੰਗੀ ਕਾਰਾ ॥
ਸੀਸ ਮੁੰਡਾਵਨ ਪੰਥ ਬਿਥਾਰਾ ॥"

Sri Satguru Jagjit Singh Ji eLibrary NamdhariElibrary@gmail.com

-ਗੁਰ ਪ੍ਰਤਾਪ ਸੂਰਜ ਗ੍ਰੰਥ

ਬੱਸ ਜੀ ! ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਪਨੇ ਚੜ੍ਹਦੀਆ ਕਲਾਂ ਵਿਚ ਰਹਿਣ ਵਾਲੇ ਨਾਮ ਰਸੀਏ ਸੂਰਬੀਰ ਖ਼ਾਲਸਾ ਜੀ ਨੂੰ ਉਪਰੋਕਤ ਸਾਰਾ ਬਿਰਤਾਂਤ ਸੁਨਾਉਂਦੇ ਹੋਇਆਂ ਬੜੇ ਅਫ਼ਸੋਸ ਨਾਲ ਇਹ ਗਲ ਸਮਝਾਈ ਕਿ ਆਹ ਜੋ ਭਾਰਤ ਵਰਸ਼ ਉਪਰ ਸਦੀਆਂ ਤੋਂ ਗ਼ੁਲਾਮੀ ਛਾਈ ਹੋਈ ਹੈ ਅਤੇ ਦਿਨ ਦਿਹਾੜੇ ਵਿਚਾਰੇ ਗਰੀਬ ਤੇ ਕਮਜ਼ੋਰ ਹਿੰਦੂਆਂ ਦੀ ਜੋ ਆਏ ਦਿਨ ਤਬਾਹੀ, ਬਰਬਾਦੀ ਤੇ ਕਤਲਿਆਮ ਹੁੰਦੀ ਰਹਿੰਦੀ ਹੈ ਅਤੇ ਧਰਮ ਤੇ ਈਮਾਨ ਨੂੰ ਛਿੱਕੇ ਉਤੇ ਟੰਗਦੇ ਹੋਇਆਂ ਉਹਨਾਂ ਦੀਆਂ ਬਹੂ ਬੇਟੀਆਂ ਦੀ ਪੱਤ ਨੂੰ ਮਿੱਟੀ ਵਿਚ ਰੋਲਣ ਵਾਲੇ ਜੋ ਸ਼ਰਮ-ਨਾਕ ਕਲਿਜੁਗੀ ਕੁਕਰਮ ਹੋ ਰਹੇ ਹਨ, ਇਹ ਸਭ ਕੁਛ ਪਵਿਤ੍ਰ ਕੇਸ਼ ਦਾੜ੍ਹੀਆਂ ਨੂੰ ਮੁੰਡਾਉਣ ਅਤੇ ਤੰਬਾਕੂ ਜਹੇ ਗੰਦ ਨੂੰ ਪੀਣ ਵਾਲੀਆਂ ਦੂਹਾਂ ਨੀਚ ਕੁਰੀਤੀਆਂ ਦਾ ਹੀ ਸਿੱਟਾ ਹੈ। ਤੇ ਅਜ ਇਹ ਜੋ ਹਰ ਪਾਸੇ ਕਲਿਜੁਗ ਦਾ ਜ਼ੋਰ ਵਧ ਚੁਕਿਆ ਹੈ, ਉਹ ਇਹਨਾਂ "ਘਰ ਫੂਕ ਤਮਾਸ਼ਾ ਵੇਖਣ" ਵਾਲੀਆਂ ਦੂਹਾਂ ਕਬਾਹਿਤਾਂ ਤੋਂ ਹੀ ਸ਼ੁਰੂ ਹੋਇਆ ਸੀ।

"ਇਨ ਦੋਨੋਂ ਤੇ ਕਲ ਕੋ ਕਾਲਾ ॥
ਜਹਿ ਕਹਿ ਦੀਖਤ ਭਯੋ ਬਿਸਾਲਾ ॥"

-ਗੁਰ ਪ੍ਰਤਾਪ ਸੂਰਜ ਗ੍ਰੰਥ

ਅੰਤ ਵਿਚ ਇਹ ਲੇਖਕ ਪੰਥ ਵਿਚ ਹੋਏ ਮਹਾਨ ਸਿਖ ਰਿਖੀਸ਼ਵਰ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਕਰਤਾ ਗੁਰ ਪ੍ਰਤਾਪ ਸੂਰਜ ਗ੍ਰੰਥ ਜੀ ਦਾ ਬੜੇ ਵਿਯੋਗ ਤੇ ਦ੍ਰਵੇ ਹੋਏ ਚਿਤ ਨਾਲ ਕਰੋੜਾਂ ਵਾਰ ਧੰਨਵਾਦਿ ਕਰਦਾ ਹੈ ਜਿਨ੍ਹਾਂ ਨੇ ਭਾਰੀ ਖੋਜ ਕਰਨ ਪਿਛੋਂ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਦਾ ਸੰਸਾਰ ਨੂੰ ਸਮਝਾਇਆ ਹੋਇਆ ਉਪਰੋਕਤ ਸੰਦੇਸ਼ ਬੜੀ ਸੋਹਣੀ ਤੇ ਸੁੰਦਰ ਕਵਿਤਾ ਅੰਦਰ ਅੰਕਤ ਕਰਕੇ ਪਵਿਤ੍ਰ ਕੇਸ਼ਾਂ ਦੀ ਮਹਾਨਤਾ ਨੂੰ ਸਦਾ ਲਈ ਰੋਸ਼ਨ ਕਰ ਦਿਤਾ ਹੈ। ਸ੍ਰੀ ਦਸਮੇਸ਼ ਪਿਤਾ ਜੀ ਨੇ ਉਪਰੋਕਤ ਸੰਦੇਸ਼ ਰਾਹੀਂ ਸੰਸਾਰ ਨੂੰ ਇਹ ਗਲ ਖੋਲ੍ਹ ਕੇ ਸਮਝਾ ਦਿਤੀ ਹੋਈ ਹੈ ਕਿ ਕੇਸ਼ਾਂ ਨੂੰ ਮੁੰਡਾਉਣ ਕਰਕੇ ਜਿਥੇ ਇਨਸਾਨ ਆਤਮਕ (ਰੂਹਾਨੀ) ਤੌਰ ਤੇ ਗਿਰ ਜਾਣ ਸਦਕਾ ਨੀਚ ਕਰਨੀਆਂ ਵਾਲਾ ਹੋ ਜਾਇਆ ਕਰਦਾ ਹੈ ਉਥੇ ਉਹ ਸੰਸਾਰ ਦੇ ਵਿਸ਼ਵ ਅਮਨ ਲਈ ਵੀ ਤਬਾਹੀ ਤੇ ਬਰਬਾਦੀ ਦਾ ਕਾਰਨ ਬਨਦਾ ਹੈ। ਹੋਰ ਵੇਖੋ ! ਨਿਰੰਕਾਰ "੧ਓਂ" ਜੀ ਨੇ ਇਨਸਾਨ ਦੇ ਸੁਖ ਭੋਗਣ ਲਈ ਉਸ ਵਾਸਤੇ ਸੁਗੰਧੀ ਭਰਪੂਰ ਸਵੱਛ ਵਾਯੂ (ਹਵਾ) ਬਨਾਈ ਸੀ ਪਰ ਕੇਸ਼ ਮੁੰਡਾਉਣ ਸਦਕਾ ਹੋਈ ਭ੍ਰਿਸ਼ਟ ਬੁਧੀ ਕਾਰਨ ਇਹ ਸਿਗਰਟ ਤੰਬਾਕੂ ਵਾਲੇ ਜ਼ਹਿਰ ਨੂੰ ਪੀਂਦੇ ਰਹਿਨ ਕਰਕੇ ਜਿੱਥੇ ਸਵੱਛ ਵਾਯੂ ਮੰਡਲ ਨੂੰ ਗੰਦਾ ਤੇ ਬਦਬੂਦਾਰ ਕਰਦਾ ਰਹਿੰਦਾ ਹੈ ਉਥੇ ਅਨੇਕਾਂ ਕਿਸਮਾਂ ਦੀਆਂ ਭਿਆਨਕ ਬੀਮਾਰੀਆਂ ਨੂੰ ਪੈਦਾ ਕਰਕੇ ਮਨੁਖੀ ਅਰੋਗਤਾ ਨੂੰ ਵੀ ਨਸ਼ਟ ਕਰ ਰਿਹਾ ਹੈ। ਕਾਸ਼ ! ਕਿਹਾ ਚੰਗਾ ਹੁੰਦਾ ਜੇ ਇਹ ਅਜ ਦਾ ਪੜ੍ਹਿਆ ਲਿਖਿਆ ਇਨਸਾਨ ਸ੍ਰੀ ਦਸਮੇਸ਼ ਪਿਤਾ ਜੀ ਦੀ ਸਮਝਾਈ ਹੋਈ ਇਸ ਹਰ ਪਹਿਲੂ ਤੋਂ ਲਾਭ-ਦਾਇਕ ਸਿਖਿਆ ਨੂੰ ਅਪਨਾਉਂਦਾ ਹੋਇਆ ਲੌਕਿਕ ਅਤੇ ਪਰਲੌਕਿਕ ਸੁਖ ਭੋਗ ਕੇ ਅਹਿਸਾਨ-ਮੰਦ ਬਨਣ ਦਾ ਯਤਨ ਕਰਦਾ।

* * *

Sri Satguru Jagjit Singh Ji eLibrary NamdhariElibrary@gmail.com

# ਕੇਸਾਂ ਧਾਰੀ ਬੁਧੀ ਜੀਵੀਆਂ ਤੇ ਇੱਕ ਝਾਤ

- ਨਿਰਮਲ ਸਿੰਘ ਨੂਰ

ਸੰਸਾਰ ਦੇ ਧਾਰਮਿਕ ਗ੍ਰੰਥ ਵੇਦ ਸ਼ਾਸਤਰ ਆਦਿਕਾਂ ਦੇ ਲੇਖਕ ਸਾਰੇ ਹੀ ਕੇਸਾਧਾਰੀ ਹੋਏ ਹਨ. ਇਹ ਸਾਰੇ ਗ੍ਰੰਥ ਗਿਆਨ ਦੇ ਭੰਡਾਰ ਹਨ ਜੋ ਚੰਗੀ ਅਕਲ ਅਤੇ ਸੁਲਝੇ ਦਿਮਾਗ ਬਗੈਰ ਨਹੀਂ ਲਿਖੇ ਜਾ ਸਕਦੇ। ਸਵਾਮੀ ਬਾਲਮੀਕ ਜੀ ਕੇਸਾਧਾਰੀ ਸਨ। ਉਹਨਾਂ ਨੇ ਸਾਰੀਆਂ ਘਟਨਾਵਾਂ ਹੋਣ ਤੋਂ ਪਹਿਲਾਂ ਹੀ ਰਮਾਇਣ ਰਚ ਦਿੱਤੀ ਸੀ। ਇਸ ਲਈ ਦਿਮਾਗ ਨੂੰ ਅਰੋਗ ਅਤੇ ਤਾਜ਼ਾ ਰੱਖਣ ਵਿਚ ਕੇਸਾਂ ਦਾ ਸਭ ਤੋਂ ਜ਼ਿਆਦਾ ਯੋਗਦਾਨ ਹੈ।

ਕੇਸ ਸਰੀਰ ਦਾ ਅਨਿੱਖੜਵਾਂ ਅੰਗ ਹੈ। ਹੋਰ ਅੰਗਾਂ ਵਾਂਗ ਇਹਨਾਂ ਵਿਚ ਸਮਿਲਤ ਤੱਤ ਵੀ ਹਨ. ਨਾਈਟਰੋਜਨ. ਹਾਈਡਰੋਜਨ. ਕਾਰਬਨ. ਸਲਫਰ. ਆਕਸੀਜਨ ਅਤੇ ਇਸ ਤੋਂ ਇਲਾਵਾ ਚੂਨਾ ਤੇ ਅਗਨੀ ਵੀ ਥੋੜ੍ਹੀ ਮਾਤਰਾ ਵਿਚ ਪਾਏ ਜਾਂਦੇ ਹਨ। ਇਹਨਾਂ ਕੇਸਾਂ ਨੂੰ ਰਹਿਤ ਮਰਯਾਦਾ ਵਿਚ ਦਸਮੇਸ਼ ਪਿਤਾ ਜੀ ਨੇ ਸ਼ਾਮਲ ਕੀਤਾ ਹੈ।

ਪਰੰਤੂ ਸਿੱਖ ਧਰਮ ਤੋਂ ਇਲਾਵਾ ਦੂਜੇ ਧਰਮਾਂ ਦੇ ਸਹਿਤਕਾਰ. ਸਿਆਸਤਦਾਨ. ਵਿਗਿਆਨਕ. ਬਹਾਦਰ ਅਤੇ ਧਾਰਮਿਕ ਆਗੂਆਂ ਨੇ ਵੀ ਕੇਸ ਰੱਖਣ ਨੂੰ ਤਰਜ਼ੀਹ ਦਿਤੀ ਹੈ। ਆਉ ਜ਼ਰਾ ਕੇਸਾਧਾਰੀ ਬੁੱਧੀਜੀਵੀਆਂ ਉਪਰ ਝਾਤ ਪਾਈਏ ਕਿ ਕੇਸ ਦਿਮਾਗੀ ਦੂਰ-ਅੰਦੇਸ਼ੀ ਵਾਸਤੇ ਰੁਕਾਵਟ ਨਹੀਂ ਹਨ।

ਹੋਮਰ :- ਯੂਨਾਨ ਦਾ ਪ੍ਰਸਿਧ ਕਵੀ ਸੀ।

ਅਰਸ਼ਮੀਦਸ :- ਯੂਨਾਨ ਦਾ ਬਹੁਤ ਵੱਡਾ ਹਿਸਾਬਦਾਨ ਅਤੇ ਖੋਜੀ ਹੋਇਆ ਹੈ।

ਗਾਟੇ :- ਜਰਮਨ ਦਾ ਮਹਾਨ ਕਵੀ ਅਤੇ ਸਾਹਿੱਤਕਾਰ।

ਮੋਜ਼ਾਰਟ :- ਆਸਟਰੀਆ ਦਾ ਪ੍ਰਸਿੱਧ ਸੰਗੀਤਕਾਰ।

ਕੋਲੰਬਸ :- ਜਿਸਨੇ ਅਮਰੀਕਾ ਲੱਭਿਆ ਤੇ ਕਈ ਦੇਸ਼ਾਂ ਅਤੇ ਸਮੁੰਦਰਾਂ ਦੇ ਸੰਬੰਧ ਜੋੜੇ।

ਮੌਲੇਅਰ :- ਫਰਾਂਸ ਦਾ ਪ੍ਰਸਿੱਧ ਨਾਟਕਕਾਰ ਸੀ।

ਵਿਕਟਰ ਹਿਊਗੋ :- ਫਰਾਂਸ ਦਾ ਮਹਾਨ ਆਗੂ. ਨਾਵਲਕਾਰ ਅਤੇ ਸਾਹਿੱਤਕਾਰ।

ਐਡੀਸਨ :- ਅਮਰੀਕਾ ਦਾ ਮਹਾਨ ਵਿਗਿਆਨੀ ਅਤੇ ਖੋਜੀ।

ਰੈਫ਼ਲ :- ਇਟਲੀ ਦਾ ਬਹੁਤ ਅੱਛਾ ਚਿੱਤਰਕਾਰ ਹੋਇਆ ਹੈ।

ਜੂਲੀਅਸ ਸੀਜ਼ਰ :- ਰੋਮ ਦਾ ਪ੍ਰਭਾਵਸ਼ਾਲੀ ਜਰਨੈਲ ਅਤੇ ਲਿਖਾਰੀ।

ਕਨਫਿਊਸ਼ਿਸ਼ :- ਚੀਨ ਦਾ ਪ੍ਰਸਿੱਧ ਵਿਦਵਾਨ ਹੋਇਆ ਹੈ।

ਡਾਂਟੇ :- ਇਟਲੀ ਦਾ ਉੱਚ ਕੋਟੀ ਦਾ ਕਵੀ ਹੋਇਆ ਹੈ।

ਗਲੀਲੀਓ :- ਇਟਲੀ ਦਾ ਪ੍ਰਸਿਧ ਜੋਤਿਸ਼ੀ ਅਤੇ ਦੂਰਬੀਨ ਦੀ ਕਾਢ ਕਢਣ ਵਾਲਾ।

Sri Satguru Jagjit Singh Ji eLibrary NamdhariElibrary@gmail.com

ਜੈਨਰ :- ਯੋਰਪ ਦਾ ਪ੍ਰਸਿੱਧ ਡਾਕਟਰ ਜਿਸਨੇ ਚੇਚਕ ਬੀਮਾਰੀ ਦਾ ਇਲਾਜ ਲੱਭਿਆ।

ਇਬਰਾਹੀਮ ਲਿੰਕਨ :- ਅਮਰੀਕਾ ਦਾ ਸੋਲਵਾਂ ਪ੍ਰਧਾਨ ਮੰਤਰੀ, ਸਿਆਸਤਦਾਨ ਅਤੇ ਲੇਖਕ ਸੀ।

ਵਾਸ਼ਿੰਗਟਨ :- ਅਮਰੀਕਾ ਦਾ ਪਹਿਲਾ ਪ੍ਰਧਾਨ, ਜਿਸ ਦੇ ਨਾਮ 'ਤੇ ਅਮਰੀਕਾ ਦੀ ਰਾਜਧਾਨੀ 'ਵਾਸ਼ਿੰਗਟਨ' ਹੈ।

ਨੈਪੋਲੀਅਨ :- ਫਰਾਂਸ ਦਾ ਬਾਦਸ਼ਾਹ ਜਿਸਨੇ ਆਪਣੀ ਲਿਆਕਤ, ਦੂਰ-ਅੰਦੇਸੀ ਅਤੇ ਸ਼ਕਤੀ ਨਾਲ ਦੁਨੀਆਂ ਦੀਆਂ ਵੱਡੀਆਂ-ਵੱਡੀਆਂ ਤਾਕਤਾਂ ਨਾਲ ਮੁਕਾਬਲਾ ਕਰਕੇ ਜਿੱਤ ਪ੍ਰਾਪਤ ਕੀਤੀ।

ਜਾਰਜ ਬਰਨਾਡਸ਼ਾਹ :- ਸੰਸਾਰ ਪ੍ਰਸਿੱਧ ਸਾਹਿਤਕਾਰ ਜੋ ਆਇਰਲੈਂਡ ਵਿਚ ਪੈਦਾ ਹੋਇਆ ਹੈ। ਇਸ ਦਾ ਨੂਰੀ ਦਾੜ੍ਹਾ ਤੇ ਕੇਸ ਵੇਖਣ ਵਾਸਤੇ ਲੋਕ ਦੂਰੋਂ-ਦੂਰੋਂ ਚਲਕੇ ਆਉਂਦੇ ਸਨ।

ਕਾਰਲ ਮਾਰਕਸ :- ਜਰਮਨੀ ਫਿਲਾਸਫਰ, ਜਿਸਨੂੰ ਰੂਸੀ ਇੰਕਲਾਬ ਦਾ ਹੀਰੋ ਕਿਹਾ ਜਾਂਦਾ ਹੈ।

ਕਾਮਰੇਡ ਲੈਨਿਨ :- ਰੂਸ ਨੂੰ ਆਜ਼ਾਦੀ ਦਿਵਾਉਣ ਵਿਚ ਇਸ ਦਾ ਬਹੁਤ ਵੱਡਾ ਯੋਗਦਾਨ ਸੀ।

ਰਾਬਿੰਦਰ ਨਾਥ ਟੈਗੋਰ :- ਬੰਗਾਲ ਦਾ ਮਹਾਨ ਕਵੀ, ਨਾਟਕਕਾਰ ਅਤੇ 'ਨੋਬਲ ਪੁਰਸਕਾਰ' ਪ੍ਰਾਪਤ ਕਰਨ ਵਾਲਾ, ਜਿਸ ਦੀ ਅੱਜ ਵੀ ਦਾਹੜੇ ਤੇ ਕੇਸਾਂ ਵਾਲੀ ਤਸਵੀਰ ਦੇਖੀ ਜਾ ਸਕਦੀ ਹੈ।

ਲਿਊ ਟਾਲਸਟਾਇ :- ਰੂਸ ਦਾ ਪ੍ਰਸਿਧ ਲਿਖਾਰੀ ਅਤੇ ਨੂਰੀ ਦਾਹੜੇ ਵਾਲਾ ਕੇਸਾਧਾਰੀ ਸੀ।
(ਕੇਸ ਚਮਤਕਾਰ)

ਉਪਰੋਕਤ ਪ੍ਰਸਿਧ ਪੁਰਸ਼ਾਂ ਵਿਚੋ ਭਾਵੇਂ ਸਾਰੇ ਧਾਰਮਿਕ ਖਿਆਲਾਂ ਵਾਲੇ ਨਹੀਂ ਸਨ, ਪਰ ਦਾੜ੍ਹਾ ਤੇ ਕੇਸ ਉਹਨਾਂ ਨੇ ਵੀ ਸੰਭਾਲ ਕੇ ਰੱਖੇ ਸਨ। ਜਿਨ੍ਹਾਂ ਨੂੰ ਦੁਨੀਆਂ ਦੀਆਂ ਕਾਢਾਂ ਅਤੇ ਸਾਇੰਸ ਦੇ ਨਵੀਨ ਚਮਤਕਾਰਾਂ ਦੇ ਜਨਮਦਾਤਾ ਆਖਿਆ ਜਾਂਦਾ ਹੈ।

ਕੇਸ ਰੱਖਣ ਬਾਰੇ ਢੁੱਚਰਾਂ ਖੜੀਆਂ ਕਰਨ ਵਾਲੇ ਜਿਹੜੇ ਕਹਿੰਦੇ ਹਨ, ਕਿ ਕੇਸ ਦਿਮਾਗ ਦੀ ਉਨੱਤੀ ਵਿਚ ਰੁਕਾਵਟ ਪਾਉਂਦੇ ਹਨ, ਉਹਨਾਂ ਨੂੰ ਉਪੱਰ ਦੱਸੇ ਮਹਾਨ ਪੁਰਸ਼ਾਂ ਦੀਆਂ ਰਚਨਾਵਾਂ ਅਤੇ ਜੀਵਨ ਪੜ੍ਹਣੇ ਚਾਹੀਦੇ ਹਨ ਤਾਂ ਕਿ ਸਾਨੂੰ ਪਤਾ ਚਲ ਸਕੇ ਕਿ ਅਸੀਂ ਕਿਤਨੇ ਭੁਲੇਖੇ ਵਿਚ ਵਿਚਰ ਰਹੇ ਹਾਂ।

ਧੰਨ ਹਨ ਸਿੱਖੀ ਦੇ ਜਨਮ ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਕੇਸਾਂ ਨੂੰ ਸਿੱਖ ਮਰਯਾਦਾ ਦਾ ਸੰਪੂਰਨ ਅੰਗ ਬਣਾਇਆ ਅਤੇ ਅੰਮ੍ਰਿਤਧਾਰੀ ਖਾਲਸੇ ਨੂੰ 13 ਮਾਰਚ ਸੰਨ 1699 ਈ: ਨੂੰ ਵਿਸਾਖੀ ਵਾਲੇ ਦਿਨ ਸਤਿਗੁਰੂ ਜੀ ਨੇ ਅੰਮ੍ਰਿਤ ਅਤੇ ਪੰਜ ਕਕਾਰਾਂ ਦੀ ਰਹਿਤ ਬਖਸ਼ਿਸ਼ ਕਰਕੇ ਵਿਸਾਖੀ ਨੂੰ ਸਦਾ ਵਾਸਤੇ ਅਮਰ ਕਰ ਦਿੱਤਾ।

***

Sri Satguru Jagjit Singh Ji eLibrary NamdhariElibrary@gmail.com

# ਪੜ੍ਹਨ, ਸੁਣਨ, ਅਧਿਐਨ ਤੇ ਪ੍ਰਚਾਰ ਕਰਨ ਵਾਲਿਆਂ ਲਈ ਮਹੱਤਵ ਪੂਰਨ ਜਾਣਕਾਰੀ

- ਨਿਰਮਲ ਸਿੰਘ ਨੂਰ

ਚਾਰ ਵੇਦ - ਸਿਆਮ, ਰਿਗ, ਜੁਜ਼ਰ ,ਅਥਰਬਣ।

ਇਹ ਚਾਰ ਵੇਦ ਸਾਡੇ ਦੇਸ਼ ਦਾ ਸਭ ਤੋਂ ਪਹਿਲਾ ਇਤਿਹਾਸ ਹੈ। ਹਿੰਦੁਸਤਾਨ ਦਾ ਸਭ ਤੋਂ ਪੁਰਾਣਾ ਮੁਕੱਦਸ ਗ੍ਰੰਥ ਹੈ ਵੇਦ, ਵੇਦਾਂ ਤੋਂ ਪਹਿਲਾਂ ਕੁਝ ਨਹੀਂ ਲਿਖਿਆ ਗਿਆ ਅਤੇ ਇਹਨਾਂ ਨੂੰ ਅਨਾਦੀ ਮੰਨਿਆ ਗਿਆ ਹੈ, ਜਿਨ੍ਹਾ ਦਾ ਕੋਈ ਲੇਖਕ ਨਹੀਂ ਲੱਭਦਾ। ਸਾਡੇ ਦੇਸ਼ ਦੇ ਲੋਕਾਂ ਨੇ ਮੰਨ ਲਿਆ ਕਿ ਵੇਦ ਬ੍ਰਹਮਾ ਜੀ ਨੇ ਲਿਖੇ ਹਨ ਪਰੰਤੂ ਜਿਹੜੇ ਆਲੋਚਕ ਹਨ, ਉਹ ਕਹਿੰਦੇ ਹਨ ਬ੍ਰਹਮਾ ਦਾ ਨਾਮ ਲਿਖਿਆ ਗਿਆ ਹੈ ਪਰੰਤੂ ਬ੍ਰਹਮਾ ਨੇ ਲਿਖੇ ਨਹੀਂ, ਇਹਨਾਂ ਵੇਦਾਂ ਨੂੰ ਅਨਾਦੀ ਇਸ ਲਈ ਕਿਹਾ ਗਿਆ ਹੈ ਕਿ ਸਾਡੇ ਦੇਸ਼ ਵਿੱਚ ਦਰਿਆਵਾਂ ਦੇ ਕਿਨਾਰਿਆ 'ਤੇ ਕੁਝ ਮੇਲੇ ਨਿਯੁੱਕਤ ਹਨ, ਜੋ ਛੇ ਮਹੀਨੇ ਜਾਂ ਸਾਲ ਜਾਂ ਫਿਰ ਬਾਰਾਂ ਸਾਲ ਬਾਅਦ ਲੱਗਦੇ ਹਨ। ਜਿਨ੍ਹਾ ਵਿਚ ਬਹੁਤ ਸਾਰੇ ਸਾਧੂ, ਨਾਥ, ਜੋਗੀ, ਬੈਰਾਗੀ ਵੈਸ਼ਨਵ ਆਦਿ ਆਤਮਿਕ ਖੋਜੀ ਆਉਂਦੇ ਸਨ ਜੋ ਆਤਮਾ ਦੀ ਖੋਜ ਕਰਦੇ ਸਨ, ਉਹ ਸਾਧੂ ਜੰਗਲਾਂ ਪਹਾੜਾਂ ਵਿਚੋਂ ਨਿਕਲ ਕੇ ਆਪਣੀਆਂ ਲੰਮੀਆਂ ਸਮਾਧੀਆਂ ਦਾ ਜੋ ਅਨੁਭਵ ਸੀ ਉਹ ਲਿਖ ਦੇਂਦੇ ਸਨ, ਪਰੰਤੂ ਆਪਣਾ ਨਾਮ ਨਹੀਂ ਸਨ ਲਿਖਦੇ। ਕਿਸੇ ਆਦਮੀ ਦੇ ਨਾਮ ਤੋਂ ਬਗੈਰ ਲਿਖੀ ਬਾਣੀ, ਬ੍ਰਹਮਾਂ ਦੀ ਲਿਖਤ ਅਖਵਾਉਂਦੀ ਹੈ। ਜਦੋ ਕੋਈ ਰਿਸ਼ੀ ਬਾਣੀ ਉਚਾਰਦਾ ਸੀ, ਸਰਸਤੀ ਆ ਕੇ ਪ੍ਰਵੇਸ਼ ਕਰਦੀ ਸੀ, ਜਦੋ ਰਿਸ਼ੀ ਬ੍ਰਹਮ ਨਾਲ ਜਾਂ ਅਨਹਦ ਸ਼ਬਦ ਨਾਲ ਜੁੜ ਜਾਂਦਾ ਉਸ ਸਮੇਂ ਜੋ ਇਲਹਾਮ ਹੋਇਆ, ਉਹ ਹੈ ਵੇਦ ਬਾਣੀ। ਜਿਵੇ ਅਸੀਂ ਪ੍ਰਮਾਣ ਦੇਂਦੇ ਹਾਂ। " ਧੁਰ ਕੀ ਬਾਣੀ ਆਈ" ਵੇਦ ਮੰਤਰ ਵੀ ਬਿਲਕੁਲ ਇਸ ਤਰ੍ਹਾਂ ਦੇ ਹਨ। ਇਹ ਹਿੰਦੋਸਤਾਨ ਦੇ ਸਭ ਤੋਂ ਪੁਰਾਣੇ ਅਤੇ ਪਾਵਨ ਗ੍ਰੰਥ ਹਨ।

ਸਿਆਮ - ਸਿਆਮ ਵੇਦ ਵਿੱਚ ਕੁਲ 1364 ਮੰਤਰ ਹਨ ।

ਰਿਗ- ਰਿਗ ਵੇਦ ਵਿੱਚ ਕੁਲ 10518 ਮੰਤਰ ਹਨ।

ਜੁਜਰ- ਜੁਜਰ ਵੇਦ ਵਿੱਚ ਕੁਲ 1975 ਮੰਤਰ ਹਨ।

ਅਥਰਬਣ- ਅਥਰਬਣ ਵੇਦ ਵਿੱਚ ਕੁਲ 5847 ਮੰਤਰ ਹਨ

ਨਾਭਿ ਕਮਲ ਤੇ ਬ੍ਰਹਮਾ ਉਪਜੇ, ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਚਾਰੇ ਵੇਦ ਬ੍ਰਹਮੇ ਕਉ ਦੀਏ, ਪੜਿ ਪੜਿ ਕਰੇ ਵੀਚਾਰੀ ॥

ਚਾਰ ਪਦਾਰਥ- ਧਰਮ, ਅਰਥ, ਕਾਮ ਤੇ ਮੋਖ।

ਧਰਮ - ਪ੍ਰਭੂ ਦੀ ਭਗਤੀ ਕਰਨ ਦਾ ਨਾਮ ਧਰਮ ਹੈ।

ਅਰਥ- ਮਨ ਦੀ ਭਾਵਨਾ ਮਤਲਬ ਜਾਂ ਕਿਸੇ ਗੋਚਰਾ ਗਉ (ਗੋਂ)

ਕਾਮ - ਨਾਮ ਹੈ ਮਨ ਦੀ ਕਾਮਨਾ ਜਾਂ ਇੱਛਾ ਦਾ।

ਮੋਖ- ਨਾਮ ਹੈ ਮੁਕਤੀ ਦਾ ਭਗਤੀ ਕਰਕੇ ਪ੍ਰਭੂ ਵਿੱਚ ਅਭੇਦ ਹੋਣਾ।

ਛੇ ਸ਼ਾਸਤਰ- ਸ਼ਾਂਖ ਸਾਸਤਰ , ਨਿਆਇ ਸ਼ਾਸ਼ਤਰ, ਵਿਸੇਖਕ ਪੂਰਬ ਮੀਮਾਂਸਾ, ਪਤੰਜਲ ਤੇ ਵਿਦਾਂਤ।

Sri Satguru Jagjit Singh Ji eLibrary NamdhariElibrary@gmail.com

1 ਸਾਖ ਸ਼ਾਸਤਰ ਕਪਲ ਮੁਨੀ ਨੇ ਲਿਖਿਆ ਹੈ।
2 ਨਿਆਇ ਸ਼ਾਸਤਰ ਦਾ ਕਰਤਾ ਗੌਤਮ ਮੁਨੀ ਹੈ।
3 ਵਿਸੇਖਕ ਦਾ ਕਰਤਾ ਕਨਾਦ ਮੁਨੀ (ਕਨਭੁਕ ਮੁਨੀ) ਹੈ॥
4 ਪੂਰਬ ਮੀਮਾਂਸਾ ਦਾ ਲੇਖਕ ਜੈਮਨ ਮੁਨੀ ਹੈ।
6 ਪਤੰਜਲ (ਜੰਗ ਸ਼ਾਸਤਰ) ਦਾ ਲੇਖਕ ਪਤੰਜਲ ਮੁਨੀ ਹੈ।
6 ਵੇਦਾਂਤ ਦਾ ਕਰਤਾ ਬਿਆਸ ਰਿਖੀ ਹੈ।

ਇਹ ਹਨ ਛੇ ਸ਼ਾਸਤਰ ਅਤੇ ਤਿਹਨਾਂ ਦਾ ਵੱਖਰਾ-ਵੱਖਰਾ ਉਪਦੇਸ਼ ਹੈ।

**ਅਸ਼ਟ ਧਾਤਾਂ** - ਜਿਨ੍ਹਾ ਦੇ ਮਿਸ਼ਰਣ ਨਾਲ ਆਦਮੀ ਦੇ ਸਰੀਰ ਦੀ ਬਨਾਵਟ ਬਣਦੀ ਹੈ -

| | | | |
|---|---|---|---|
| 1 ਅਸਥਿ | 2 ਮੱਜਾ | 3 ਰੁਧਰ 4 ਤਵਚਾ | 5 ਮਾਸ |
| 6 ਮੇਦ | 7 ਵੀਰਯ | 8 ਨਾੜੀ | |

ਕੁਝ ਵਿਦਵਾਨਾਂ ਨੇ ਇਸ ਪ੍ਰਕਾਰ ਲਿਖਿਆਂ ਹੈ -
ਰਸ, ਲਹੂ, ਮੇਦਾ, ਹੱਡੀਆ, ਮਿੱਝ, ਬੀਰਜ, ਮਾਸ, ਨਾੜੀ, ਹੁਕਮ ਹੈ -
**ਅਸਟਮੀ ਅਸਟ ਧਾਤ ਕੀ ਕਾਇਆ ॥**

ਅੱਠ ਧਾਤਾਂ ਇਹ ਵੀ ਹਨ ਜੋ ਜਮੀਨ ਵਿਚੋ ਪੈਦਾ ਹੋ ਕੇ ਮਨੁੱਖ ਦੇ ਕੰਮ ਆਉਂਦੀਆਂ ਹਨ ਸੋਨਾ, ਚਾਂਦੀ, ਜਿਸਤ, ਕਲੀ, ਤਾਂਬਾ, ਸਿੱਕਾ ਤੇ ਪਿੱਤਲ

**ਚੌਦਾ ਰਤਨ**- 1 ਸ੍ਰੀ 2 ਮਣ 3 ਰੰਭਾ 4 ਬਾਰਨੀ 5 ਧਨਖ 6 ਧਰੰਤਰ 7 ਬਾਜ 8 ਬਿਖ 9 ਧੇਨ 10 ਸਸਿ 11 ਕਲਪਤਰ 12 ਸੰਖ 13 ਅਮੀਂ 14 ਗਜਰਾਜ

ਧਨ ਧਨੰਤਰ ਧੇਨ ਹਯ ਕਮਲਾ ਸੰਖ ਗਜਿੰਦ ॥
ਜਹਿਰ ਸੁਰਾ ਮਨਿ ਕਲਪਤਰ ਰੰਭਾ ਅੰਮ੍ਰਿਤ ਚੰਦ ॥

1 **ਧਨ** - ਸੋਨਾ ਚਾਂਦੀ ਰੁਪਏ ਹੀਰੇ ਪੰਨੇ ਆਦਿ।
2 **ਧਨੰਤਰ**- ਹਕੀਮੀ ਵਿਦਿਆ
3 **ਧੇਨ** - ਕਾਮਧੇਨ ਗਊ
4 **ਘੋੜਾ** - ਉਚ ਸ੍ਰਵ ਘੋੜਾ ਜੋਂ ਸੂਰਜ ਨੂੰ ਦਿੱਤਾ ਗਿਆ।
5 **ਕਮਲਾ** - ਮਾਇਆ (ਅਥਵਾ) ਲਕਸ਼ਮੀ।
6 **ਸੰਖ**- ਆਵਾਜ਼ ਦੇਣ ਵਾਲਾ
7 **ਹਾਥੀ**- ਐਰਾਪਤ ਚਿੱਟਾ ਹਾਥੀ।
8 **ਜ਼ਹਿਰ** - ਬਿਖ ਜਿਸ ਦੇ ਖਾਧਿਆਂ ਜੀਵ ਮਰ ਜਾਏ।
9 **ਸੁਰਾ** - ਸ਼ਰਾਬ, ਮਦ।

Sri Satguru Jagjit Singh Ji eLibrary NamdhariElibrary@gmail.com

10 ਮਣੀ- ਚਮਕਦਾਰ ਤੇ ਤਾਕਤ ਭਰਪੂਰ

11 ਕਲਪਤਰ - ਇਕ ਵਿਸ਼ੇਸ਼ ਦਰਖ਼ਤ

12 ਰੰਭਾ - ਸੁੰਦਰ ਇਸਤਰੀ ਅਪਛਰਾਂ ਆਦਿਕ

13 ਅੰਮ੍ਰਿਤ - ਮੌਤ ਤੋਂ ਰਹਿਤ ਕਰਨ ਵਾਲਾ

14 ਚੰਦਰਮਾ - ਜੋ ਪ੍ਰਕਾਸ਼ ਕਰਦਾ ਹੈ। ਇਹ ਹਨ ਚੌਦਾਂ ਰਤਨ ।

ਪ੍ਰਸਿੱਧ ਸੋਲਾਂ ਕਲਾਂ : -

1 ਗਿਆਨ 2 ਧਿਆਨ 3 ਸ਼ੁਭ ਕਰਮ 4 ਹੱਠ 5 ਸੰਜਮ 6 ਧਰਮ 7 ਦਾਨ 8 ਵਿਦਿਆ 9 ਭਜਨ 10 ਸ਼ੁੱਭ ਪ੍ਰੇਮ 11 ਜਤ 12 ਅਧਿਆਤਮ 13 ਦਯਾ 14 ਨੇਮ 15 ਚਤੁਰਤਾ 16 ਨਿਰਮਲ ਬੁੱਧੀ

ਸੋਲਾਂ ਕਲਾਂ ਹੋਰ ਵੀ ਮੰਨੀਆਂ ਹਨ- ਪ੍ਰਿਥਵੀ ,ਜਲ, ਅਗਨੀ, ਪੌਣ, ਆਕਾਸ਼, ਪਰਾਣ, ਇੰਦਰੇ, ਨਾਮ, ਕਰਮ, ਸ਼ਰਧਾ, ਲੋਕ, ਤਪ, ਮੰਤਰ, ਮਨ, ਬੀਰਜ ਤੇ ਸਰੀਰ।

ਸ਼ੋਲਾਂ ਸ਼ਿੰਗਾਰ-

ਤ੍ਰੈ ਕਾਲੇ, ਦੁਇ ਉਜਲੇ ਪਤਲੇ ਪੰਜ ਪ੍ਰਕਾਰ।
ਚਾਰ ਕਠਨ, ਦੁਇ ਚੀਕਨੇ, ਸੋਲਾਂ ਇਹ ਸ਼ਿੰਗਾਰ।

1 ਸਕਲ ਸੁੱਚ - ਜਲ ਦਾਤ ਨਾਦਿਕੋ ਸੇ ਸਭ ਅੰਗਾਂ ਦੀ ਸੋਧ ਰੱਖਣੀ।

2 ਮੰਜਨ- ਬਟਨਾ ਮਲਨਾ ਤੇ ਸਰੀਰ ਨੂੰ ਸੁਵੱਛ ਰੱਖਣਾ।

3 ਅਮਲ ਬਸਤਰ - ਅੱਛੇ ਬਸਤਰ ਪਹਿਰਨੇ।

4 ਕਰਪਾਦ ਰਾਗਾ- ਹੱਥਾਂ ਨੂੰ ਮਹਿੰਦੀ ਆਦਿ ਲਗਾਉਣੀ।

5 ਕੇਸ਼ ਸੋਭਾ- ਕੇਸਾਂ ਨੂੰ ਸਾਫ ਰੱਖਣਾ।

6 ਅੰਗ ਰਾਗ- ਸਰੀਰ ਨੂੰ ਸੁਗੰਧੀ ਆਦਿ ਲਗਾਉਣੀ।

7 ਭੂਖਣਾ- ਗਹਿਣੇ ਪਹਿਨਣੇ

8 ਮੁੱਖ ਬਾਸ- ਇਲੈਚੀ ਆਦਿ ਵਰਤਣੀ।

9 ਮੁੱਖ ਰਾਗ - ਦੰਦਾਂ ਨੂੰ ਸਾਫ ਰੱਖਣਾ।

10 ਲੋਚਨ - ਨੇਤਰਾਂ ਨਾਲ ਕਟਾਖਯ ਦੇਖਣਾ।

11 ਅਜਿਤ ਨੇਤਰ- ਕਜਲਾਂ ਆਦਿ ਵਰਤਣਾ।

12 ਮੰਜ ਭਾਖਣ- ਮੁੱਖ ਤੋਂ ਮਿੱਠਾ ਬੋਲਣਾ।

13 ਮੰਜਹਾਸ -ਪ੍ਰੰਸਨ ਬਦਨ ਤੋਂ ਸੁੰਦਰ ਹੱਸਣਾ।

14 ਚਿਤ ਚਾਤਰੀ- ਸਾਵਧਾਨ ਹੋ ਕੇ ਰਹਿਣਾ।

15 ਚਲਨ ਚਾਰ - ਹਾਥੀ ਵਾਂਗ ਮਸਤ ਤੁਰਨਾ।

16 ਪਤੀਬ੍ਰਤ ਪਾਲਨ - ਪਤੀਬ੍ਰਤਾ ਧਰਮ ਵਿੱਚ ਪ੍ਰਪੱਕ ਰਹਿਣਾ। ਇਹ ਹਨ ਸੋਲਾਂ ਸ਼ਿੰਗਾਰ ਫੁਰਮਾਨ ਹੈ- ਸ਼ੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥

Sri Satguru Jagjit Singh Ji eLibrary NamdhariElibrary@gmail.com

ਅਠਾਰਾਂ ਪੁਰਾਣ-

1. ਮਤਸਯ ਪੁਰਾਣ ਵਿੱਚ ਚੌਦਾ ਹਜ਼ਾਰ (14000) ਸਲੋਕ ਹਨ।
2. ਮਾਰਕੰਡੇ ਪੁਰਾਣ ਵਿੱਚ ਨੌ ਹਜ਼ਾਰ (9000) ਸਲੋਕ ਹਨ।
3. ਭਵਿੱਖਤ ਪੁਰਾਣ ਵਿੱਚ ਚੌਦਾ ਹਜ਼ਾਰ ਪੰਜ ਸੌ(14,500) ਸਲੋਕ ਹਨ।
4. ਭਾਗਵਤ ਪੁਰਾਣ ਵਿੱਚ ਅਠਾਰਾ ਹਜ਼ਾਰ (18000) ਸਲੋਕ ਹਨ।
5. ਬ੍ਰਹਮ ਪੁਰਾਣ ਵਿੱਚ ਦਸ ਹਜ਼ਾਰ (10000) ਸਲੋਕ ਹਨ।
6. ਬ੍ਰਹਮਾਂਡ ਪੁਰਾਣ ਵਿੱਚ ਬਾਰਾਂ ਹਜ਼ਾਰ ਇਕ ਸੌ (12000) ਸਲੋਕ ਹਨ।
7. ਬ੍ਰਹਮ ਵਰਤ ਪੁਰਾਣ ਵਿੱਚ ਅੱਠ ਹਜ਼ਾਰ (8000) ਸਲੋਕ ਹਨ।
8. ਵਾਮਨ ਪੁਰਾਣ ਵਿੱਚ ਦਸ ਹਜ਼ਾਰ (10000) ਸਲੋਕ ਹਨ।
9. ਵਾਯੂ ਪੁਰਾਣ ਵਿੱਚ ਚੌਵੀ ਹਜ਼ਾਰ ਅੱਠ ਸੌ (24,000) ਸਲੋਕ ਹਨ।
10. ਵਿਸ਼ਨੂੰ ਪੁਰਾਣ ਵਿੱਚ ਤੇਈ ਹਜ਼ਾਰ (23,000) ਸਲੋਕ ਹਨ।
11. ਵਰਾਹ ਪੁਰਾਣ ਵਿੱਚ ਚੌਵੀ ਹਜ਼ਾਰ (24,000) ਸਲੋਕ ਹਨ।
12. ਅਗਨ ਪੁਰਾਣ ਵਿੱਚ ਸੋਲਾਂ ਹਜ਼ਾਰ (16,000) ਸਲੋਕ ਹਨ।
13. ਨਾਰਦ ਪੁਰਾਣ ਵਿੱਚ ਪੱਚੀ ਹਜ਼ਾਰ (25000) ਸਲੋਕ ਹਨ।
14. ਪਦਮ ਪੁਰਾਣ ਵਿੱਚ ਪਚਵੰਜਾ ਹਜ਼ਾਰ (55000) ਸਲੋਕ ਹਨ।
15. ਲਿੰਗ ਪੁਰਾਣ ਵਿੱਚ ਗਿਆਰਾ ਹਜ਼ਾਰ (11,000) ਸਲੋਕ ਹਨ।
16. ਗਰੜ ਪੁਰਾਣ ਵਿੱਚ ਉਨੀ ਹਜ਼ਾਰ (19,000) ਸਲੋਕ ਹਨ।
17. ਕੂਰਮ ਪੁਰਾਣ ਵਿੱਚ ਸਤਾਰਾਂ ਹਜ਼ਾਰ (17,000) ਸਲੋਕ ਹਨ।
18. ਸਕੰਧ ਪੁਰਾਣ ਵਿੱਚ ਇੱਕੀ ਹਜ਼ਾਰ (21,000) ਸਲੋਕ ਹਨ।

ਇਹ ਸੀ 18 ਪੁਰਾਣਾ ਦੇ ਨਾਮ ਅਤੇ ਸਲੋਕਾਂ ਦੀ ਗਿਣਤੀ

ਗੁਰੂ ਫੁਰਮਾਨ ਹੈ -

**ਸਿਮ੍ਰਿਤਿ ਬੇਦ ਪੁਰਾਣ ਪੁਕਾਰਹਿ ਪੋਥੀਆ ॥**
**ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥**
**ਦਸ ਅਠ ਲੀਖੇ ਹੋਵਹਿ ਪਾਸਿ ॥**
**ਚਾਰੇ ਬੇਦ ਮੁਖਾਗਰ ਪਾਠਿ ॥**

**ਔਰਤਾਂ ਦੇ ਬੱਤੀ ਲੱਛਣ** - 1. ਸੁੰਦਰਤਾ 2. ਸੁਵੱਛਤਾ 3. ਲੱਜਿਆ 4. ਚਤੁਰਾਈ 5. ਵਿਦਿਆ 6. ਪਤੀ ਭਗਤੀ 7. ਸੇਵਾ 8. ਦਯਾ 9. ਸਤਯ 10. ਪ੍ਰਿਯਬਾਣੀ 11. ਪ੍ਰਸੰਨਤਾ 12. ਨਿਮ੍ਰਤਾ 13. ਨਿਸ-ਕਪਟਤਾ 14. ਏਕਤਾ 15. ਧੀਰਜ 16. ਧਰਮ ਨੇਸ਼ਠਾ 17. ਸੰਜਮ 18. ਉਦਾਰਤਾ 19. ਗੰਭੀਰਤਾ 20. ਉਦਮ 21. ਸੂਰਬੀਰਤਾ 22. ਰਾਗ 23 ਕਾਵਯ 25. ਚਿੱਤਰਕਾਰੀ 25. ਔਸ਼ਧੀ 26. ਰਸੋਈ 27. ਫੁੱਲਵਾੜੀ 28. ਸੀਊਣਾ ਪ੍ਰੋਣਾ 29. ਘਰ ਨੂੰ ਸ਼ਿੰਗਾਰਨਾ 30. ਮਹਿਮਾਨ ਨਿਵਾਜੀ 31. ਬਜੁਰਗਾ ਦਾ ਸਨਮਾਨ 32. ਸੰਤਾਨ ਦੀ ਪਾਲਨਾ।

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾ ਇਸਤ੍ਰੀ ਬੱਤੀ ਲੱਛਣਾ ਵਾਲੀ ਇਸਤ੍ਰੀ ਕਹੀ ਜਾਂਦੀ ਹੈ , ਇਤਨੇ ਗੁਣ ਹੁੰਦਿਆ ਹੋਇਆਂ ਜੇ ਪ੍ਰਮਾਤਮਾ ਦੀ ਯਾਦ ਹੈ ਤਾਂ ਔਰਤ ਸ਼ੋਭਨੀਕ ਹੈ। ਫੁਰਮਾਨ ਹੈ -

ਬਤੀਹ ਸੁਲਖਣੀ ਸਚੁ ਸੰਤਤਿ ਪੂਤ ।
ਆਗਿਆਕਾਰੀ ਸੁਘੜ ਸਰੂਪ ॥

ਛੱਤੀ ਪ੍ਰਕਾਰ ਦਾ ਭੋਜਨ -

1 ਰੋਟੀ 2 ਪੂੜਾ 3 ਪੂੜੀ 4 ਕਚੌਰੀ 5 ਚਾਵਲ 6 ਦਾਲ 7 ਸਾਗ 8 ਭੁਰਜੀ 8 ਕੜ੍ਹੀ 10 ਵੜੀਆਂ 11 ਖਿਚੜੀ 12 ਸੇਵੀਆਂ 13 ਭੱਲੇ ਪਕੌੜੀਆਂ 14 ਚਟਨੀ 15 ਆਚਾਰ 16 ਮੁਰੱਬੇ 17 ਪਕੌੜੇ 18 ਰਾਇਤਾ 19 ਪਾਪੜ 20 ਕੜਾਹ 21 ਪੰਜੀਰੀ 22 ਸੀਰਨੀ 23 ਲੱਡੂ ਜਲੇਬੀ ਆਦਿ 24 ਲਾਪਸੀ 25 ਰਬੜੀ 26 ਰਸ ਮਲਾਈ 28 ਪਨੀਰ 29 ਮੱਖਣ 30 ਸਿਖਰਣੀ 31 ਅਮਰ ਰਸ 32 ਕਾਜੀ 33 ਫਲੂਦਾ 34 ਫਰੂਟ 35 ਫੈਣੀਆਂ 36 ਪਾਨ ਇਲੈਚੀ ਆਦਿ।

ਖਟ ਰਸ ਮਿਠ ਰਸ ਮੇਲਿ ਕੈ
ਛਤੀਹ ਭੋਜਨ ਹੋਨੀ ਰਸੋਈ
ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥

---


## ਭਾਈ ਘਨੱਈਆ ਚੈਰੀਟੇਬਲ ਹਸਪਤਾਲ

ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਵਿਖੇ

ਡਾ. ਮਨਤਾਰ ਸਿੰਘ ਜੀ ਫਰੀਦਕੋਟ ਵਾਲੇ ਆਪਣੇ **84** ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਮਿਤੀ **17** ਅਗਸਤ **2002** ਦਿਨ ਸ਼ਨਿਚਰਵਾਰ ਨੂੰ

## ਦੰਦਾਂ ਦਾ ਵਿਸ਼ੇਸ਼ ਕੈਂਪ

ਆਯੋਜਿਤ ਕਰਣਗੇ। ਜੋ **1977** ਤੋਂ ਲਗਾਤਾਰ ਹਰ ਬੁੱਧਵਾਰ ਨੂੰ ਨਿਸ਼ਕਾਮ ਸੇਵਾ ਕਰ ਰਹੇ ਹਨ।

---

ਮਿਤੀ **17** ਅਗਸਤ **2002** ਦਿਨ ਸ਼ਨਿਚਰਵਾਰ ਨੂੰ

## ਹੱਡੀਆਂ ਅਤੇ ਜੋੜਾਂ ਦਾ

## ਵਿਸ਼ੇਸ਼ ਮੁਫ਼ਤ ਚੈਕਅਪ ਕੈਂਪ

ਪ੍ਰਸਿੱਧ ਡਾਕਟਰ ਰਾਣਾ ਜੀ ਬਠਿੰਡਾ ਵਾਲੇ ਅਤੇ ਵੈਦ ਬਲਜੀਤ ਸਿੰਘ ਜੀ ਲਾਉਣਗੇ।

## ਲੋੜਵੰਦ ਲਾਭ ਉਠਾਉਣ।



Sri Satguru Jagjit Singh Ji eLibrary NamdhariElibrary@gmail.com

''ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ''

# ਗੁਰਦੁਆਰਾ ਧਰਮਸਾਲਾ ਤੇ ਗੋਨਿਆਣਾ ਭਾਈ ਜਗਤਾ

ਹਿਮਾਚਲ ਦੀਆਂ ਬਰਫੀਲੀਆਂ ਧੌਲਾਧਾਰ ਦੀਆਂ ਪਹਾੜੀਆਂ ਵਿਚ ਵਸਿਆ 'ਧਰਮਸ਼ਾਲਾ' ਸਹੀ ਅਰਥਾਂ ਵਿਚ 'ਧਰਮ ਦੀ ਸ਼ਾਲਾ ਹੈ।'

ਮਹੰਤ ਬਾਬਾ ਤੀਰਥ ਸਿੰਘ ਜੀ **1966-67** ਵਿਚ ਪਹਿਲੀ ਵਾਰ ਧਰਮਸਾਲਾ ਆਪਨੇ ਸੇਵਾਦਾਰਾਂ ਨਾਲ ਆਏ, ਕੁਝ ਦਿਨ ਧਰਮਸਾਲਾ ਗੁਰਦੁਆਰਾ ਸਾਹਿਬ ਵਿਖੇ ਰਹਿ ਕੇ ਕਥਾ ਕੀਤੀ, ਲੰਗਰ ਆਪ ਤਿਆਰ ਕਰਦੇ ਸੀ। ਸੰਗਤਾਂ ਦਾ ਪਿਆਰ ਦੇਖ ਕੇ ਆਪ ਜੀ ਪ੍ਰਸੰਨ ਹੋਏ, ਫਿਰ ਹਰ ਸਾਲ ਗਰਮੀਆਂ ਵਿਚ ਧਰਮਸਾਲਾ ਆਉਂਦੇ ਅਤੇ ਸਵੇਰੇ ਸ਼ਾਮ ਸੰਗਤਾਂ ਜੁੜਦੀਆਂ ਸੰਤ ਜੀ ਪਾਸੋ ਗੁਰਬਾਣੀ ਦੇ ਵੀਚਾਰ ਤੇ ਕੱਥਾ ਸੁਣਦੀਆਂ।

ਟਿਕਾਣਾ ਭਾਈ ਜਗਤਾ ਜੀ ਸੇਵਾ ਪੰਥੀ ਗੋਨਿਆਣਾ ਮੰਡੀ ਦੇ ਮੁੱਖੀ ਮਹੰਤ ਭਾਈ ਆਸਾ ਸਿੰਘ ਜੀ ਦਾ ਵੀ ਧਰਮਸਾਲਾ ਆਉਣਾ ਹੋਇਆ।

ਦਾਸ ਨੂੰ ਯਾਦ ਹੈ ਮਹੰਤ ਸਾਹਿਬ ਜੀ ਗੁਰਦੁਆਰਾ ਸਾਹਿਬ ਦੇ ਬਰਾਂਡੇ ਦੀ ਪਰੀਕਰਮਾਂ ਕਰਦੇ ਹੋਏ ਬਾਣੀ ਦਾ ਜਾਪ ਕਰ ਰਹੇ ਸੀ, ਇਕ ਬੀਬੀ ਆਈ ਅਤੇ ਉਸਨੇ ਮਹਾਂਪੁਰਸ਼ਾਂ ਦੇ ਚਰਨ ਸਪਰਸ਼ ਕਰਨ ਦੀ ਕੋਸ਼ਿਸ਼ ਕੀਤੀ, ਮਹੰਤ ਸਾਹਿਬ ਜੀ ਤ੍ਰਬਕ ਕੇ ਪਿਛੇ ਹਟ ਗਏ, ਉਹਨਾਂ ਦੇ ਮੁਖਾਰਬਿੰਦ ਤੋਂ ਸ਼ਬਦ ਨਿਕਲੇ ''ਖ੍ਹੌਂਦੀ ਕਿਉਂ ਹੈਂ, ਕਮਾ ਕੇ ਖਾ''। ਮਹੰਤ ਸਾਹਿਬ ਜੀ ਬੜੀ ਕਰਨੀ ਵਾਲੇ ਮਹਾਂਪੁਰਸ਼ ਸਨ। ਉਹਨਾ ਦਾ ਧਰਮਸਾਲਾ ਦੀਆਂ ਸੰਗਤਾਂ ਨਾਲ ਬੜਾ ਪਿਆਰ ਸੀ।

**1972** ਨੂੰ ਅਕਾਲ ਪੁਰਖ ਦਾ ਭਾਣਾ ਵਰਤਿਆ, ਲਕੱੜ ਦਾ ਬਣਿਆ ਹੋਇਆ ਗੁਰਦੁਆਰਾ ਅਗੱਣ ਭੇਂਟ ਹੋ ਗਇਆ, ਭਾਈ ਸਾਹਿਬ ਗੁਰਦਿਤ ਸਿੰਘ ਜੀ ਨੇ ਸੰਗਤਾਂ ਨਾਲ ਮਿਲ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅੱਗਣ ਭੇਂਟ ਹੋਣ ਤੋਂ ਬਚਾ ਲਏ। ਸੰਗਤਾਂ ਦਾ ਮਨ ਬੜਾ ਉਦਾਸ ਹੋਇਆ, ਹਰ ਧਰਮ ਦੇ ਲੋਗਾਂ ਨੇ ਮਿਲ-ਜੁੱਲ ਕੇ ਮਲਬਾ ਸਾਫ ਕੀਤਾ, ਨਾਲ ਲਗਦੇ ਹਾਲ ਵਿਚ ਮਹਾਰਾਜ ਦਾ ਪ੍ਰਕਾਸ਼ ਕੀਤਾ। ਕੁਝ ਸਮੇਂ ਬਾਦ ਜਦ ਮਹੰਤ ਸਾਹਿਬ ਜੀ ਦੁਆਰਾ ਧਰਮਸਾਲਾ ਆਏ ਤਾਂ ਉਹਨਾਂ ਨੇ ਸੰਗਤਾਂ ਨਾਲ ਬਚਨ ਕੀਤਾ ਕਿ ਅਸੀਂ ਖੁਦ ਖੜੇ ਹੋ ਕੇ ਨਵੇਂ ਹਰਿਮੰਦਰ ਸਾਹਿਬ ਦਾ ਨਿਰਮਾਨ ਕਰਾਂਗੇ।

**1974** ਨੂੰ ਮਹੰਤ ਆਸਾ ਸਿੰਘ ਜੀ ਅਕਾਲ ਪੁਰਖ ਦੇ ਹੁਕਮਾਂ ਅਨੁਸਾਰ ਸਵਰਗ ਸਿਧਾਰ ਗਏ। ਸੰਤ ਬਾਬਾ ਤੀਰਥ ਸਿੰਘ ਜੀ ਨੂੰ **1974** ਵਿਚ ਟਿਕਾਣਾ ਸਾਹਿਬ ਦਾ ਮੁੱਖ ਸਰਪ੍ਰਸਤ ਬਨਾਇਆ ਗਇਆ। ਇਕ ਰਾਤ ਸੰਤ ਤੀਰਥ ਸਿੰਘ ਜੀ ਨੂੰ ਸੁਪਨੇ ਵਿਚ ਮਹੰਤ ਸਾਹਿਬ ਜੀ ਦੇ ਦਰਸ਼ਨ ਹੋਏ। ਸੰਤ ਜੀ ਨੇ ਮਹੰਤ ਸਾਹਿਬ ਜੀ ਦਾ ਹਾਲ ਪੁਛਿਆ, ਮਹੰਤ ਸਾਹਿਬ ਜੀ ਅਗੋਂ ਕਹਿਣ ਲਗੇ ਤੀਰਥ ਸਿੰਘ ਮਨ ਤੇ ਬੋਝ ਹੈ, ਮੈਂ ਧਰਮਸ਼ਾਲਾ ਦੀਆਂ ਸੰਗਤਾਂ ਨਾਲ ਬਚਨ ਕਰ ਆਇਆ ਸੀ ਨਵੇਂ ਹਰਿਮੰਦਰ ਸਾਹਿਬ ਬਨਾਉਣ ਦਾ। ਤੁਸੀਂ ਧਰਮਸਾਲਾ ਜਾਕੇ ਅਧੂਰੇ ਕੰਮ ਨੂੰ ਪੂਰਾ ਕਰੋ। ਸੰਤ ਜੀ ਨੇ ਸੱਤ ਬਚਨ ਕਹਿਆਂ ਅਤੇ ਧਰਮਸਾਲਾ ਆਕੇ ਸ: ਖੜਕ ਸਿੰਘ ਜੀ ਨੂੰ ਥੱਪੜਾ ਦੇ ਕੇ ਨਵੇਂ ਹਰਿਮੰਦਰ ਦਾ ਨਕਸ਼ਾ ਬਨਾਉਣ ਵਾਸਤੇ ਕਹਿਆ। ਆਪ ਜੀ ਗਿਆਨੀ ਮਨੋਹਰ ਸਿੰਘ ਜੀ, ਗਿਆਨੀ ਧਰਮ ਸਿੰਘ ਜੀ ਨੂੰ ਨਾਲ ਲੈ ਕੇ ਜਗਹ ਜਗਹ ਜਾਕੇ ਮਾਇਆਂ ਇਕਤ੍ਰ ਕੀਤੀ, ਸ: ਲਹਿਣਾਂ ਸਿੰਘ ਜੀ ਸ: ਮਸਤਾਨ ਸਿੰਘ

Sri Satguru Jagjit Singh Ji eLibrary NamdhariElibrary@gmail.com

ਜੀ ਅਤੇ ਧਰਮਸਾਲਾ ਦੀਆਂ ਸੰਗਤਾਂ ਨੇ ਆਪ ਜੀ ਨੂੰ ਪੂਰਾ ਸਹਿਯੋਗ ਦਿਤਾ। ਪੰਜ ਸਾਲ ਦੀ ਮਿਹਨਤ ਨਾਲ **10** ਜੁਲਾਈ **1977** ਨੂੰ ਮਹੰਤ ਬਾਬਾ ਤੀਰਥ ਸਿੰਘ ਜੀ ਦੇ ਹਥੋਂ ਨਵੇਂ ਹਰਿਮੰਦਰ ਸਾਹਿਬ ਦਾ ਉਦਘਾਟਨ ਹੋਇਆ। **1977** ਤੋਂ ਲੈਕੇ ਹਰ ਸਾਲ **10** ਜੁਲਾਈ ਨੂੰ ਗੁਰਦੁਆਰਾ ਸਾਹਿਬ ਜੀ ਦਾ ਸਾਜਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਅਖੰਡ ਪਾਠ ਸਾਹਿਬ ਰਖੇ ਜਾਂਦੇ ਹਨ, ਟਿਕਾਣਾਂ ਸਾਹਿਬ ਤੋਂ ਹਰ ਸਾਲ ਸੰਤ ਕਾਹਨ ਸਿੰਘ ਜੀ ਸੇਵਾ ਪੰਥੀ ਧਰਮਸਾਲਾ ਆਂਦੇ, ਗੁਰਬਾਣੀ ਦੀ ਕਥਾ ਕਰਦੇ, ਆਪਨੀ ਹੱਥੀ ਲੰਗਰ ਦੀ ਸੇਵਾ ਕਰਦੇ, ਬਚਿਆਂ ਨੂੰ ਨਿਤਨੇਮ ਕਰਾਉਂਦੇ, ਸ਼ੁਧ ਬਾਣੀ ਦਾ ਪਾਠ ਕਰਾਉਂਦੇ, ਬਚਿਆਂ ਦੀ ਹੌਸੱਲਾ ਹਫਜਾਈ ਲਈ ਗੁਰਬਾਣੀ ਦੀਆਂ ਕੈਸਟਾਂ ਦਿੰਦੇ।

ਟਿਕਾਣਾ ਭਾਈ ਜਗਤਾ ਜੀ ਇਕ ਸੇਵਾ ਪੰਥੀ ਸੰਸਥਾ ਹੈ, ਇਸ ਸੰਸਥਾ ਦਾ ਮੁੱਖ ਉਦੇਸ਼ ਸਿਖ ਪੰਥ ਦੀ ਸੇਵਾ ਕਰਨਾ, ਮਾਨਵਤਾਂ ਦੀ ਸੇਵਾ ਕਰਨਾ ਗੁਰੂ ਦੇ ਪਿਆਰਿਆਂ ਨੂੰ ਨਾਮ ਬਾਣੀ ਨਾਲ ਜੋੜਨਾ ਹੈ।

ਮਹੰਤ ਬਾਬਾ ਤੀਰਥ ਸਿੰਘ ਜੀ ਦੀ ਸਰਪਰਸਤੀ ਹੇਠ ਕਈ ਪਾਠਸ਼ਾਲਾ, ਇੰਜੀਨੀਅਰਿੰਗ ਕਾਲਜ, ਹਸਪਤਾਲ ਚਲ ਰਹੇ ਹਨ। ''ਗੁਰਬਾਣੀ ਦੇ ਮਹਾਂਵਾਕ ਅਨੁਸਾਰ ''ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨ ॥

ਅਕਾਲਪੁਰੱਖ ਡੇਰੇ ਨੂੰ ਚੜ੍ਹਦੀਆਂ ਕਲਾਂ ਵਿਚ ਰਖੇਂ, ਤਾਂ ਜੋ ਪੰਥ ਦੀ ਸੇਵਾ ਕਰਦੇ ਰਹਿਣ।

ਦਾਸ:
ਸਵਰਨਜੀਤ ਸਿੰਘ
ਸਕੱਤਰ ਸ੍ਰੀ ਗੁਰੂ ਸਿੰਘ ਸਭਾ
ਧਰਮਸ਼ਾਲਾ (ਹਿ੦ਪ੍ਰ੦)


## ਦਾਖਲਾ ਸੂਚਨਾ

# ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਮੰਡੀ (ਬਠਿੰਡਾ)

**(Affiliated to Pbi. Uni. Patiala)**

ਬਾਬਤ ਸੈਸ਼ਨ 2002-2003 ਲਈ

## P.G.D.C.A. ਦਾ ਦਾਖਲਾ ਸ਼ੁਰੂ

ਇੱਕ ਹਜ਼ਾਰ ਰੂ: ਜਮ੍ਹਾਂ ਕਰਵਾਕੇ ਮਿਤੀ **5-8-2002** ਤੱਕ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ।

ਸੀਟਾਂ ਸੀਮਤ ਹਨ।

ਵੱਲੋਂ : ਸੁਰਜਨ ਸਿੰਘ ਘੁਲਿਆਣੀ
ਆਨਰੇਰੀ ਮੈਨੇਜਰ


Sri Satguru Jagjit Singh Ji eLibrary NamdhariElibrary@gmail.com

बाबाणीयां कहाणीयां

# महंत भाई आसा सिंह जी

- जोगिन्द्र सिंघ 'सागर'

भाई निधान सिंह तथा माई टहिल कौर के यहां 9 दिसम्बर 1893 में फाज़िल ग्राम जिला मियांवाली (पाकिस्तान) में एक तेजस्वी अथवा चमत्कारी बालिक ने जन्म लिया । परिवार वालों और सगे सम्बधियों ने बेहद खुशियां मनाई । बालिक का नाम आसा सिंह रखा गया । फूल सा चेहरा, गोरा गोरा रंग और मोटी चमकीली आखों वाला बालक सब का मन मोह लेता था। सभी परिजन उस पर बलि बलि जाते और सारा परिवार मारे खुशी के फूला नहीं समा रहा था । चारों और खुशियों के वातावरण में बालक बड़ा हो रहा था ।

सर्वश्रष्ठ और सर्व शक्तिमान परमात्मा अनन्त और बेअन्त है। उसकी रचना अदभुत है । उसकी लीलाएं भी अनन्त और अनोखी हैं ।

'' बलिहारी कुदरत वसिया तेरा अन्त न जाई लखिया''

उस पारब्रह्म परमेश्वर ने जिस जीव को जो बनाना होता है और उससे जैसा कुछ करवाना होता है उसका स्वभाव,बिरतियां और आदतें भी वैसी ही बना देता है । कुछ ऐसा ही घटनाक्रम बालक आसा सिंह के प्रारम्भिक जीवन में भी घटा । आपको पाठशाला पढ़ने भेजा गया । आप स्कूल की पढाई कम और गुरबानी का पठन पाठन अधिक करते थे । इसी समय आपने कई वाणियां जबानी कंठ कर लीं जबकि स्कूल की पढ़ाई में पिछड़ गये । पिता भाई निधान सिंह जी यह देख कर चिन्तित रहने लगे । पहले तो वैलों के व्यापार में अपने साथ रखा फिर गांव में छोटी सी दुकान करवा दी । दुकानदारी में भी आपने मन नहीं लगाया । हर समय वाणी का पाठ व सिमरन ही करते रहते थे । कारोबार में घाटा पड़ने लगा । घर बार व कारोबार सभ्भालना आप के बस का रोग न था । आप तो किसी विशेष कार्य के लिये संसार में आये थे और वह कार्य था '' आप जपै अवरह नाम जपावै '' ।

भाई निधान सिंह (पिता) ने संसारक जीवन में आपकी उदासीनता देख कर आपको टिकाणा भाई जगता जी नूरपुर पर अर्पण करने का निर्णय कर लिया । पिता जी आपको महंत भाई गुलाब सिंह जी के पास नूरपुर ले गये । सादर प्रणाम कर भाई जी ने महन्त साहब से कहा कि मेरा यह नौजवान बेटा आसा सिंह घर परिवार के काम काज में कदाचित ध्यान नहीं देता, बस हर समय पाठ सिमरन में ही मग्न रहता है । इसी कारण हर काम में घाटे पे घाटा पड़ रहा है । (उस समय भाई आसा सिंह की आयु 24-25 वर्ष थी)

Sri Satguru Jagjit Singh Ji eLibrary NamdhariElibrary@gmail.com

महाराज ! आप ही बतायें मैं क्या करुं और कहां जाऊं ? इसने तो हमें परेशान कर दिया है । शान्ति स्वरुप, आनन्द आत्मा महन्त जी, जो यह सब कुछ सुन रहे थे बोले कि भाई जी ! यह युवक आपके काम का नही, इसे हमें दे दो । यह सत्संग करेगा,नाम जपेगा और जपायेगा, गुरु घर की सेवा करके अपना जीवन भी सफल करेगा और अनेक लोगों को नाम वाणी से जोड़ कर उनका भी पार उतारा करेगा । यह सेवा सिमरन और परोपकार के गगन पर चान्द की तरह चमकेगा । महान तपस्वी बनेगा । गुरुमत के साथ साथ विद्या का भी प्रचार व प्रसार करेगा । आप इसे यहीं छोड़ दो । यह एक दिन आपके खानदान का नाम रोशन करेगा । इस प्रकार पूर्ण पुरुष महंत भाई गुलाब सिंह जी स्वभाविक ही कई वर दे गये । (इतिहास साक्षी है कि यह सब कुछ हुआ) बाबा जी के यह वचन सुनकर पिता निधान सिंह ने सिर झुकाया और अपने पुत्र को वही टिकाणा साहिब को अर्पण कर अपने घर लौट गये ।

नौजवान आसा सिंह को महंत साहिब जी ने अपने बरकत भरे हाथों से थापना देकर सेवा सिमरन और सत्संग मे जूट जाने की आज्ञा की । भाई आसा सिंह ने महापुरषों की आज्ञा का पूर्णतया पालन किया और टिकाना साहिब के हर कार्य को पूरी लग्न के साथ निभाने लगे । बाबा जी ने आपको मिठा-टिवाणा के सेवा पंथी स्थान पर भेज कर संगीत व कीर्तन की शिक्षा दिलाई । अब आप दरबार में अच्छा खासा कीर्तन करने लगे । आपके मधुर कीर्तन की चारों ओर प्रशंसा होने लगी । अब बाबा जी ने आपको ज्ञानी अमीर सिंह के पास श्री गुरु ग्रन्थ साहिब की अर्थ बोध संथ्या के लिये श्री अमृतसर भेज दिया । वहां आपने आदि ग्रंथ, वारां भाई गुरदास जी तथा कई अन्य धार्मिक ग्रन्थों की पढ़ाई व अर्थ बोध कोरस पूरा किया और वापस नूरपुर लौट आये ।

अब भाई आसा सिंह जी एक उत्तम कीर्तन करता और उच्च कोटि के कथाकार बन चुके थे । हर रोज़ आप से कीर्तन व कथा-व्याख्यान सुन कर बाबा जी बेहद प्रसन्न होते थे । इस प्रकार भाई आसा सिंह अब संत भाई आसा सिंह बन गये थे । आप रोज़ाना प्रातः काल नितनेम, सिमरन,आसा दी वार का कीर्तन करते फिर कथा व्याख्या करके संगत को सुनाते । इस के बाद सारा दिन सेवा कार्यो में लगे रहते । सेवा करते हुए न आप थकने न घबराते थे । इस प्रकार सेवा-सिमरन, कथा-कीर्तन आपका नित्य कर्म और मिशन बन गया था । इसके अतिरिक्त टिकाणा साहिब के हर छोटे बड़े कार्य में आप बाबा जी के आज्ञा कारी सहायक के रुप में उभरे ।

हिन्द पाक बंटवारे वाले वर्ष (**1947** में) जब मार काट, खून खराबा ,लूट-पाट और आगज़नी का दौर दौरा था । आप ने बाबा जी से कंधे से कंधा मिला कर पांच छ हज़ार पीड़ित लोगों को सुरक्षित भारत पहुंचाने का


Sri Satguru Jagjit Singh Ji eLibrary NamdhariElibrary@gmail.com

चमत्कारी कार्य कर दिखाया । इस प्रकार आप महंत भाई गुलाब सिंह के कृपा पात्र बन गये ।

महंत साहिब जी ने भारत में गोनियाना जिला बठिंडा में टिकाणा भाई जगता साहिब की पनुर स्थापना की तो आप यहां भी तन मन से हर समय और हर कार्य में बाबा जी का हाथ बटाते रहे और उनका आर्शीवाद प्राप्त करते रहे । 1950 में महंत साहब जी श्री अमृतसर में जब गुरु रामदास जी के चरणों में लीन हुए तो सेवा की ज्योति संत भाई आसा सिंह को सौपं गये । इस प्रकार साधु समाज और संगत की स्वीकृति से आप टिकाणा भाई जगता जी के मंहत नियत हुए ।

1953 में आप ने सर्व प्रथम नूरपुर वाले नकशे पर यहां दरबार हाल का शिलान्यास रखा जो कुछ ही वर्षों में एक आलीशान इमारत के रुप में पूर्ण हुआ जो आज सत्संगियों के लिये विशेष आस्था केन्द्र है । फिर आपने धर्म और ध्यान के साथ-साथ विद्या ज्ञान के लिये भाई जगता हाई स्कूल चालू कर दिया । फिर पठन पाठन का केन्द्र गुरु नानक पुस्तकालय शुरु कर दिया । अन्ततः लड़कियों की उच्च शिक्षा के लिये गर्लज़ कालिज़ की नींव रखी जो आज इस क्षेत्र के अग्रिम कालिजों में से एक है ।

इस प्रकार धर्म संचार और विद्या प्रसार का क्रयात्मक मार्ग दर्शन करके पहली जनवरी 1974 के प्रातःकाल आपने अपनी आत्मा को परम आत्मा में विलीन कर दिया और दरगह को चले गये ।

गुरमुख जन्म संवार दरगह चलिया
सच्ची दरगह जाय सच्चापिड़ मलिया

***

# ਸ੍ਰੀ ਮੌਨ ਵਰਤ ਅਖੰਡ ਪਾਠ ਸੰਬੰਧੀ ਸਪੱਸ਼ਟੀਕਰਣ

ਡੇਰਾ ਸੰਤਪੁਰਾ ਯਮੁਨਾਨਗਰ ਵਿਖੇ ਸ੍ਰੀ ਮੌਨ ਵਰਤ ਆਖੰਡ ਪਾਠ ਦੀ ਮਰਿਆਦਾ ਅਨੁਸਾਰ ਆਖੰਡ ਪਾਠ ਸਾਹਿਬ ਦੇ ਦੌਰਾਨ ਕਿਸੇ ਵੀ ਮਾਈ ਭਾਈ ਨੂੰ ਬੋਲਣ ਦੀ ਆਗਿਆ ਨਹੀ ਹੁੰਦੀ ਤਾਂ ਜੋ ਡੇਰੇ ਵਿੱਚ ਸ਼ਾਤੀ ਸਥਾਪਿਤ ਕੀਤੀ ਜਾ ਸਕੇ। ਪਰ ਪਾਠੀ ਸਿੰਘ ਪਾਠ ਨੂੰ ਲਗਾਤਾਰ ਲਾਊਡ ਸਪੀਕਰ ਰਾਹੀਂ ਸੰਗਤਾ ਨੂੰ ਸਰਵਣ ਕਰਵਾਉਂਦੇ ਹਨ।

ਕਈ ਸੰਗਤਾਂ ਦੇ ਮਨ ਵਿੱਚ ਮੌਨ ਵਰਤ ਆਖੰਡ ਪਾਠ ਪ੍ਰਤਿ ਸ਼ੰਕੇ ਸਨ ਸੋ ਉਸ ਦੀ ਨਿਵਰਤੀ ਲਈ ਇਹ ਸਪੱਸ਼ਟੀਕਰਣ ਛਾਪਿਆ ਜਾ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਇੰਚਾਰਜ: ਭੁਪਿੰਦਰ ਸਿੰਘ 'ਸੇਵਾ ਪੰਥੀ'
ਦਫਤਰ ਇੰਚਾਰਜ : ਬੀਬੀ ਗੁਰਮੀਤ ਕੌਰ 'ਮੀਤ'
ਸੰਪਰਕ ਫ਼ੋਨ: 0164-262051 (ਸਵੇਰੇ 9 ਤੋਂ 4 ਵਜੇ ਤੱਕ); ਬਾਕੀ ਸਮੇਂ : 262657 Ph. & Fax.

ਜਿਨ੍ਹਾਂ ਨੇ ਦਫਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਗੇਰਾ, M.Com 23 ਸਾਲ ਕੱਦ 5'3" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1122)
2. ਗੁਰਸਿੱਖ ਅੰਮ੍ਰਿਤਧਾਰੀ ਛਾਬੜਾ B.A, 26 ਸਾਲ, 5'4" ਲੜਕੀ ਲਈ ਵਰ ਦੀ ਲੋੜ ਹੈ। (ਬਾਕਸ ਨੰ: 1123)
3. ਗੁਰਸਿੱਖ ਘੁਲਿਆਣੀ, ਆਯੁਰਵੈਦਿਕ ਡਾਕਟਰ 25 ਸਾਲ,5' ਲੜਕੀ ਲਈ ਗੁਰਸਿੱਖ ਡਾਕੜਰ ਦੀ ਲੋੜ ਹੈ। (ਬਾਕਸ ਨੰ: 1124)
4. ਗੁਰਸਿੱਖ ਚੁੱਘ, ਪੰਜਾਬੀ ਐਮ. ਏ ਡਿਪੋਲਮਾ ਫੈਸ਼ਨ ਡਿਜਾਇਨਿੰਗ 27 ਸਾਲ, 5'2" ਲੜਕੀ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1125)
5. ਖੱਤਰੀ, ਬਿੰਦਰਾ, ਪੰਜਾਬੀ , M.A Diploma Computer Science 26 ਸਾਲ, 5-6" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1126

## ਕੰਨਿਆਂ ਦੀ ਲੋੜ

1. ਸੁਨਿਆਰ ਕੁੱਕਲ, B.A. 24 ਸਾਲ, 6' ਪੰਜਾਬ ਪੁਲਿਸ ਕੰਮਪਿਊਟਰ ਅਪਰੇਟਰ ਲੜਕੇ ਲਈ ਘਰੇਲੂ ਜਾਂ ਸਰਵਿਸ ਕਰਦੀ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3020)
2. ਅਰੋੜਾ ਸਿੱਖ , +1, 27 ਸਾਲ, 5'6" ਦੁਕਾਨਦਾਰ ਲੜਕੇ ਯੋਗ ਕੰਨਿਆਂ ਦੀ ਲੋੜ ਹੈ। ( (ਬਾਕਸ ਨੰ: 3021)
3. ਗੁਰਸਿੱਖ ਖਤਰੀ , B.A., 27 ਸਾਲ, 5' 5" ਬੈਂਕ ਵਿੱਚ ਕੈਸ਼ੀਅਰ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3022)
4. ਰਾਮਗੜੀਏ ਸੰਧੂ, +2, 26 ਸਾਲ, 5' 10" Contrarter ਲੜਕੇ ਲਈ ਘਰੇਲੂ ਕੰਮ ਕਰਦੀ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3023)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਅਗਸਤ 2002 ਨੂੰ ਜਾਰੀ ਕੀਤਾ।


Satguru Jagjit Singh Ji eLibrary NamdhariElibrary@gmail.com

# ਭਾਈ ਘਨੱਈਆ ਸੇਵਾ ਜੋਤੀ ਦੇ ਮਈ 2002 ਤੱਕ ਬਣੇ ਮੈਂਬਰ

## (ਲਾਈਫ਼ ਮੈਂਬਰ)

303. ਸ. ਜਸਬੀਰ ਸਿੰਘ, ਕਲਕੱਤਾ ਕਲਾਥ ਪ੍ਰਿਟਿੰਗ ਵਰਕਸ -੨੯ ਨਹਿਰੂ ਮਾਰਕੀਟ ਸਹਾਰਨਪੁਰ (ਯੂ ਪੀ)
304. ਸ: ਅਮਰੀਕ ਸਿੰਘ Retd. A.D.O. ਗਲੀ ਨੰ: 5 ਸੇਖਾਂ ਰੋਡ, ਬਰਨਾਲਾ।
305. ਮਾ: ਬਲਵੰਤ ਸਿੰਘ ਪਿੰਡ-ਡਾਕ ਘਰ ਡੋਡ(ਬਾਜਾਖਾਨਾ) ਫ਼ਰੀਦਕੋਟ।
306. ਅਮਰਦਾਸ,966 ਮੁਹੱਲਾ ਵਿਸ਼ਕਰਮਾ ਯਮੁਨਾਨਗਰ (ਹਰਿ:)।
307. ਸ: ਤੀਰਥ ਸਿੰਘ C/Oਵਧਵਾ ਇੰਪੋਰੀਅਮ ਬਰਾੜਾ ,ਅੰਬਾਲਾ (ਹਰਿ:).
308. ਸ: ਅਜੀਤ ਸਿੰਘ ਨਰੂਲਾ, 992-ਮੇਨ ਰੋਡ ਕੈਲਾਸ਼ ਨਗਰ ਦਿੱਲੀ- 31
309. ਸ: ਕਸ਼ਮੀਰ ਸਿੰਘ ਸੰਧੂ,ਐਕਸੀਅਨ ਮਾਰਕਫੈਡ ਕੈਨਰੀ,B.S.F. ਚੌਕ ਜਲੰਧਰ।
310. ਸ: ਹਰਦਿੱਤ ਸਿੰਘ, 21,ਅਨੰਦ ਨਗਰ,ਤ੍ਰਿਪੜੀ ਪਟਿਆਲਾ।
311. ਰਾਜਨ ਚਾਵਲਾ , 7/10 ਜਵਾਹਰ ਨਗਰ ਨੇੜੇ ਬੱਸ ਸਟੈਂਡ ਸਹਾਰਨਪੁਰ ਯੂ.ਪੀ. ।
312. ਕਾਕਾ ਟਰਾਂਸਪੋਰਟ ਕੰਪਨੀ, ਸਾਹਮਣੇ ਹਰਿਆਣਾ ਸਟੋਰ ਮਰਕੀਟ , ਅੰਬਾਲਾ (ਹਰਿ:)।

## (ਸਹਾਇਕ ਮੈਂਬਰ )

775. ਸ: ਤਜਿੰਦਰ ਸਿੰਘ,ਟੈਕਸ ਬਿਲਡਿੰਗ,ਸਿਵਲ ਲਾਈਨਜ਼ ,ਬਠਿੰਡਾ।
776. ਅਮਨਪ੍ਰੀਤ ਸਿੰਘ ਪਾਹਵਾ C/O ਦਲੀਪ ਬੁੱਕ ਸਟਾਲ ਮੇਨ ਬਜ਼ਾਰ ਮਾਛੀਵਾੜਾ, ਲੁਧਿਆਣਾ।
777. ਸ: ਬਲਬੀਰ ਸਿੰਘ ਬਿੰਦਰਾ ,9427-ਮੁਹੱਲਾ ਟੋਕਰੀਵਾਲਾ ਦਿੱਲੀ-6 ।
778. ਸ: ਜੋਧ ਸਿੰਘ ਗਿੱਲ,. # 3,.ਗਲੀ ਨੰ:11-ਫਿਰੋਜਪੁਰ ਛਾਉਣੀ ।
779. ਵਿਜੈ ਕਲਾਥ ਹਾਊਸ, ਮੇਨ ਬਜਾਰ ,ਰਾਮਾ ਮੰਡੀ ,ਬਠਿੰਡਾ।
780. ਸ: ਨਾਨਕ ਸਿੰਘ,ਪੰਜਾਬੀ ਪੈਨਸ਼ਨਰ,ਪਿੰਡ-ਡਾਕ ਸਿੱਧੂਪੁਰ (ਧਰਮਸ਼ਾਲਾ) ਕਾਂਗੜਾ।
781. ਸ: ਅਵਤਾਰ ਸਿੰਘ ਪੁੱਤਰ ਸ:ਕੇਸਰ ਸਿੰਘ ਕੋਟਕਪੂਰਾ।
782. ਸ੍ਰੀਮਤੀ ਛਿੰਦਰਪਾਲ ਕੌਰ,ਸਬ-ਰਜਿਸਟਰਾਰ,ਕੋਪਰੇਟਿਵ ਸੁਸਾਇਟੀ,ਬਠਿੰਡਾ।
783. ਸ: ਗੁਰਦੀਪ ਸਿੰਘ ਪੁੱਤਰ ਸ: ਸੰਪੂਰਨ ਸਿੰਘ,ਪਿੰਡ-ਕੰਗਨਖੇੜਾ,(ਮੁਕਤਸਰ)।
784. ਸ: ਆਤਮਾ ਸਿੰਘ,ਅਮਰ ਕਲਾਥ ਸਟੋਰ,ਮਨਿੰਦਰਗੜ੍ਹ,ਛਤੀਸ਼ਗੜ੍ਹ।
785. ਪ੍ਰਿੰ: ਅਜੀਤ ਸਿੰਘ,ਗਿਆਨੀ ਕਾਲਜ,ਬਲਬੀਰ ਬਸਤੀ,ਫ਼ਰੀਦਕੋਟ।
786. ਸ: ਹਰਿੰਦਰ ਸਿੰਘ ਮਹਿੰਦੀਰੱਤਾ ,# 331 ,ਫ਼ੇਜ਼-3-B-1 ਮੋਹਾਲੀ,ਰੋਪੜ।
787. ਸ: ਭਜਨ ਸਿੰਘ ਧਾਰੀਵਾਲ ਪੁੱਤਰ ਸਰਵਨ ਸਿੰਘ ,ਪਿੰਡ-ਸਾਦੇ ਹਾਸ਼ਿਮ ਫਿਰੋਜਪੁਰ।
788. ਸ: ਜਸਵੀਰ ਸਿੰਘ ਗੋਰੀਆ,ਕਲਕੱਤਾ ਕਲਾਥ ਪ੍ਰਿੰਟਿੰਗ,ਸਹਾਰਨਪੁਰ ਯੂ.ਪੀ. ।
789. ਸ: ਗੁਰਚਰਨ ਸਿੰਘ ਛਾਬੜਾ,ਗਲੀ ਨੰ: 5,ਸਾਧੂ ਨਗਰ ਡੇਰਾ ਬਸੀ ,ਪਟਿਆਲਾ।
790. ਸ: ਸਤਨਾਮ ਸਿੰਘ ਪੁੱਤਰ ਸ: ਹੁਕਮ ਸਿੰਘ ਪਿੰਡ-ਖੁਡੇ ਹਲਾਲ, ਮੁਕਤਸਰ ।
791. ਸ: ਰਜਿੰਦਰ ਸਿੰਘ ,ਕੰਧਾਰੀ ਐਂਡ ਕੰਪਨੀ ,ਚੌਕ ਭਰਤ ਨਗਰ ,ਲੁਧਿਆਣਾ।
792. ਸ: ਗੁਰਚਰਨ ਸਿੰਘ 4-M-Block,ਸ੍ਰੀ ਗੰਗਾਨਗਰ,ਰਾਜਸਥਾਨ।
793. ਸ: ਸਤਨਾਮ ਸਿੰਘ,ਗੁਰਦੁਆਰਾ ਸਿੰਘ ਸਭਾ , ਸੂਰਤਗੜ੍ਹ,ਰਾਜਸਥਾਨ।
794. ਸ: ਗਮਦੂਰ ਸਿੰਘ C/O ਸ: ਰਛਪਾਲ ਸਿੰਘ ਪਿੰਡ-ਫੈਜਗੜ੍ਹ,ਡਾਕ-ਹਿੰਮਤਆਣਾ,ਸੰਗਰੂਰ।
795. ਸ੍ਰੀਮਤੀ ਸੁਰਜੀਤ ਕੌਰ,ਲੰਡਨ ਇੰਗਲੈਂਡ।
796. ਸ: ਮੋਹਰ ਸਿੰਘ/ਸ਼ਾਮ ਸਿੰਘ,ਪੁਰਾਣਾ ਸੁਭਾਸ ਨਗਰ,ਪਾਣੀਪਤ,ਹਰਿਆਣਾ।

Sri Satguru Jagjit Singh Ji eLibrary NamdhariElibrary@gmail.com

## ਸ੍ਰੀ ਗੁਰੂ ਹਰਿਕਿਸ਼ਨ ਪਬਲਿਕ ਸਕੂਲ ਬਠਿੰਡਾ

ਮਹਾਨ ਵਿਦਿਆ ਦਾਨੀ ਸੇਵਾ ਤੇ ਪਰਉਪਕਾਰ ਦੇ ਪੁਜ ਸ੍ਰੀ ਮਾਨ ਸੰਤ ਬਾਬਾ ਤੀਰਥ ਸਿੰਘ ਜੀ ਚੇਅਰਮੈਨ ਸ੍ਰੀ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਟਰੱਸਟ (ਰਜਿ:) ਬਠਿੰਡਾ ਅਧੀਨ 1987 ਤੋਂ ਸ੍ਰੀ ਗੁਰੂ ਹਰਿਕਿਸ਼ਨ ਪਬਲਿਕ ਸਕੂਲ ਸਫਲਤਾ ਪੂਰਵਕ ਚਲ ਰਿਹਾ ਹੈ। ਇਹ ਸਕੂਲ ਮਾਡਲ ਟਾਊਨ ਵਿਖੇ ਇੱਕ ਕਿਰਾਏ ਦੀ ਕੋਠੀ ਵਿੱਚ ਖੋਲਿਆ ਗਿਆ ਜਿਸ ਵਿੱਚ ਕੇਵਲ 65 ਬੱਚੇ ਅਤੇ 5 ਅਧਿਆਪਕ ਸਨ । ਇਸ ਸਕੂਲ ਨੇ ਬੜੀ ਤੇਜੀ ਨਾਲ ਉਨੱਤੀ ਕੀਤੀ। ਜਿਸ ਤੇ ਸਭ ਨੂੰ ਬੜੀ ਹੈਰਾਨੀ ਹੈ ਕਿਉਂਕਿ ਵਰਤਮਾਨ ਸਮੇਂ ਇਹ ਸਕੂਲ ਸ਼ਹਿਰ ਦੇ ਕੇਂਦਰ ਵਿੱਚ ਬੜੀ ਆਲੀਸ਼ਾਨ ਤਿੰਨ ਮੰਜ਼ਿਲਾਂ ਵਿਸ਼ਾਲ ਇਮਾਰਤ ਵਿੱਚ ਸੁਭਾਇਮਾਨ ਹੈ। C.B.S.E. ਤੋਂ ਮਾਨਤਾ ਪ੍ਰਾਪਤ ਇਸ ਸੰਸਥਾ ਵਿੱਚ 1400 ਬੱਚੇ ਉੱਚ ਮਿਆਰ ਦੀ ਸਿਖਿਆ ਪ੍ਰਾਪਤ ਕਰ ਰਹੇ ਹਨ। ਸਭ ਤੋਂ ਵੱਡੀ ਵਰਣਨਯੋਗ ਗੱਲ ਇਹ ਹੈ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਣ ਦਾ ਉੱਤਮ ਪ੍ਰਬੰਧ ਕੀਤਾ ਗਿਆ ਹੈ , ਅਜਿਹਾ ਸੰਤ ਮਹਾਪੁਰਖਾਂ ਦੀ ਸਰਪ੍ਰਸਤੀ ਤੇ ਨਿਸ਼ਕਾਮ ਸੇਵਾ ਕਮਾਉਣ ਵਾਲੇ ਟਰੱਸਟ ਮੈਂਬਰਾਂ ਦੇ ਸਿਰ ਸਦਕਾ ਹੈ। ਬਠਿੰਡਾ ਤੇ ਇਲਾਕਾ ਵਾਸੀ ਬੱਚਿਆਂ ਦੇ ਮਾਪਿਆਂ ਨੂੰ ਪ੍ਰਬੰਧਕਾਂ ਤੇ ਪੂਰਨ ਭਰੋਸਾ ਹੈ ਕਿ ਉਨ੍ਹਾਂ ਦੇ ਬੱਚਿਆ ਦਾ ਭਵਿੱਖ ਸੁਰੱਖਿਅਤ ਹੈ। ਇਹ ਸਕੂਲ C.B.S.E. ਤੋਂ ਦਸਵੀਂ ਮਾਨਤਾ ਪ੍ਰਾਪਤ ਹੈ। ਵਰਤਮਾਨ ਸਮੇਂ ਸਕੂਲ ਨੂੰ ਸਭ ਆਧੁਨਿਕ ਸੁਖ-ਸੁਵਿਧਾ ਪ੍ਰਾਪਤ ਹਨ। ਇਸ ਕੋਲ ਆਪਣੀ ਸ਼ਾਨਦਾਰ ਲਾਇਬ੍ਰੇਰੀ, ਕੰਪਿਊਟਰ ਲੈਬ, ਸਾਇੰਸ ਪ੍ਰਯੋਗਸ਼ਾਲਾ, ਖੇਡ ਮੈਦਾਨ ਤੇ ਖੇਡ ਪ੍ਰਬੰਧ, ਫੁੱਲਾ ਬੂਟਿਆਂ ਭਰਪੂਰ ਸਵਸਥ ਵਾਤਾਵਰਣ ਅਤੇ ਬਾਲ ਪਾਰਕ ਹਨ। ਇਹ ਸਕੂਲ ਸ਼ਾਨਦਾਰ ਅਕਾਦਮਿਕ ਨਤੀਜੇ ਅਤੇ ਹੋਰ ਬਹੁ ਪੱਖੀ ਸਰਗਰਮੀਆਂ ਵਿੱਚ ਨਾਮ ਪੈਦਾ ਕਰ ਰਿਹਾ ਹੈ। ਇਸ ਸਾਰੇ ਕਾਰਜ ਦਾ ਸਿਹਰਾ ਟਰੱਸਟ ਦੇ ਸਕੱਤਰ ਸੋ: ਹਰਬੰਸ ਸਿੰਘ ਜੀ ਸੰਧੂ, ਸਕੂਲ ਦੇ ਪ੍ਰਿੰਸੀਪਲ Lt. Col. ਬਰਿੰਦਰ ਸਿੰਘ ਬਾਠ ਅਤੇ ਮਿਹਨਤੀ ਸਟਾਫ ਦੇ ਸਿਰ ਜਾਂਦਾ ਹੈ। ਉਹ ਦਿਨ ਦੂਰ ਨਹੀਂ ਮਹਾਪੁਰਖਾਂ ਦੇ ਅਸ਼ੀਰਵਾਦ ਨਾਲ ਬਠਿੰਡਾ ਨਗਰ ਦੀ ਇਹ ਪਹਿਲੇ ਨੰਬਰ ਦੀ ਸੰਸਥਾ ਹੋਵੇਗੀ।

## ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਮੰਡੀ

ਮਹਾਨ ਤਪੱਸਵੀ ਮਹੰਤ ਭਾਈ ਆਸਾ ਸਿੰਘ ਜੀ 'ਸੇਵਾ ਪੰਥੀ' ਦੀ ਯਾਦ ਵਿੱਚ ਬਣੇ ਇਸ ਕਾਲਜ ਦੀ ਸਥਾਪਨਾ ਮਹੰਤ ਬਾਬਾ ਤੀਰਥ ਸਿੰਘ ਜੀ ਨੇ ਸੰਨ 1973 ਵਿੱਚ ਕੀਤੀ। ਮਾਲਵਾ ਖੇਤਰ ਵਿੱਚ ਉਸ ਸਮੇਂ ਲੜਕੀਆਂ ਨੂੰ ਘਰ ਤੱਕ ਹੀ ਸੀਮਿਤ ਰੱਖਿਆ ਜਾਂਦਾ ਸੀ। ਕਿਸੇ ਘਰ ਵਿੱਚ ਕੋਈ ਵਿਰਲੀ ਹੀ ਲੜਕੀ ਮਿਡਲ ਜਾਂ ਮੈਟ੍ਰਿਕ ਪਾਸ ਕਰਦੀ ਸੀ। ਬਾਬਾ ਜੀ ਨੇ ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਹੋਇਆ ਇਸ ਵਿਦਿਆ ਪੱਖੋਂ ਪਛੜੇ ਹੋਏ ਮਾਲਵਾ ਖੇਤਰ ਵਿੱਚ ਪਹਿਲੇ ਗਰਲਜ਼ ਕਾਲਿਜ ਦੀ ਸਥਾਪਨਾ ਕੀਤੀ ਤਾਂ ਜੋ ਇਲਾਕੇ ਦੀਆਂ ਲੜਕੀਆਂ ਦਾ ਸਮਾਜਿਕ ਅਤੇ ਵਿਦਿਅਕ ਜੀਵਨ ਉੱਚਾ ਚੁੱਕਿਆ ਜਾ ਸਕੇ। ਅੱਜ ਇਸ ਇਲਾਕੇ ਬਾਰੇ ਇਹ ਗੱਲ ਮਸ਼ਹੂਰ ਹੈ ਕਿ ਜਦੋਂ ਕਿਸੇ ਲੜਕੀ ਦਾ ਰਿਸ਼ਤਾ ਆਉਂਦਾ ਹੈ ਤਾਂ ਇਹ ਗੱਲ ਪ੍ਰਚਲਤ ਹੈ ਕਿ ਜੇਕਰ ਲੜਕੀ ਗੋਨਿਆਣਾ ਮੰਡੀ ਜਾਂ ਨੇੜੇ ਇਲਾਕੇ ਦੀ ਹੈ ਤਾਂ ਗਰੈਜੂਏਟ ਜਰੂਰ ਹੋਵੇਗੀ।

ਭਾਈ ਜਗਤਾ ਜੀ ਐਜੂਕੇਸ਼ਨਲ ਕਮੇਟੀ ਦੁਆਰਾ ਬਾਬਾ ਜੀ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਇਸ ਕਾਲਜ ਦੀ ਬੜੀ ਹੀ ਸੁੰਦਰ ਤਿੰਨ ਮੰਜ਼ਿਲਾਂ ਇਮਾਰਤ ਹੈ। ਐਡਮਿਨਿਸਟ੍ਰੇਸ਼ਨ ਬਲਾਕ, ਲਾਇਬ੍ਰੇਰੀ, ਬਾਸਕਟ ਬਾਲ ਗਰਾਊਂਡ, ਬੈਡਮਿੰਟਨ ਕੋਰਟ, ਰੇਸ ਟਰੈਕ ਅਤੇ ਕੰਟੀਨ ਅਤੇ ਹਰੇ ਭਰੇ ਲਾਅਨ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੇ ਹਨ। ਹਰ ਸਾਲ ਇਸ ਕਾਲਜ ਦੇ ਰਿਜ਼ਲਟ ਮੈਰਿਟ ਵਿੱਚ ਆਉਂਦੇ ਹਨ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਹੈ। ਕਾਲਜ ਵਿੱਚ +1 ਅਤੇ +2 ਆਰਟਸ, ਬੈਚਲਰ ਆਫ ਆਰਟਸ (B.A) ਦੀ ਡਿਗਰੀ ਅਤੇ ਪੋਸਟ ਗਰੈਜੂਏਟ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ (PGDCA) ਦੀ ਪੜ੍ਹਾਈ ਕਰਾਈ ਜਾਂਦੀ ਹੈ। ਆਨਰੇਰੀ ਮੈਨੇਜਰ ਸ: ਸੁਰਜਨ ਸਿੰਘ ਜੀ , ਪ੍ਰਿੰ: ਡਾ. ਗੁਰਦੀਪ ਕੌਰ ਬਰਾੜ ਅਤੇ ਮੇਹਨਤੀ ਸਟਾਫ ਦੇ ਸਦਕਾ ਇਹ ਕਾਲਜ ਦਿਨ-ਦੁਗਨੀ ਰਾਤ ਚੌਗੁਨੀ ਤੰਰਕੀ ਕਰ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ (CBSE Recognised)






ਸੰਤ ਬਾਬਾ ਤੀਰਥ ਸਿੰਘ ਸਕੂਲ ਵਿਖੇ ਨਵੇਂ ਬਣੇ ਬਾਲ ਪਾਰਕ ਦਾ ਉਦਘਾਟਨ ਕਰਦੇ ਹੋਏ ।
ਉਨ੍ਹਾਂ ਦੇ ਨਾਲ ਸਕੂਲ ਦੇ ਟਰੱਸਟੀ ਸ: ਹਰਮਹਿੰਦਰ ਸਿੰਘ ਮੋਖਾ, ਸੰਤ ਰਣਜੀਤ ਸਿੰਘ ਅਤੇ ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਨਜ਼ਰ ਆ ਰਹੇ ਹਨ ।





ਸਕੂਲ ਅਤੇ ਟਰੱਸਟ ਦੇ ਸਕੱਤਰ ਸ: ਹਰਬੰਸ ਸਿੰਘ ਜੀ ਸੰਧੂ ਅਤੇ ਪ੍ਰਿ: Lt. Col. ਬਰਿੰਦਰ ਸਿੰਘ ਬਾਠ
ਸਕੂਲ ਦੇ ਸਾਲਾਨਾ ਸਮਾਗਮ ਤੇ ਬੱਚਿਆ ਨੂੰ ਸੰਬਧਨ ਕਰਦੇ ਹੋਏ ।

Sri Satguru Jagjit Singh Ji eLibrary NamdhariElibrary@gmail.com

Bhai Kanhaiya Sewa Joti (Monthly) R.N.I. Regd. No. 046716/84
Regd.No.TECH/47-5(PB-0028)2002 Chd. Dt.27-11-2001

ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਭਾਈ ਜਗਤਾ (ਬਠਿੰਡਾ)



ਉਸਾਰੀ ਅਧੀਨ ਕਾਲਜ ਦੀ ਬਿਲਡਿੰਗ ਦਾ ਮਨਮੋਹਕ ਦ੍ਰਿਸ਼



ਸੰਤ ਬਾਬਾ ਤੀਰਥ ਸਿੰਘ ਜੀ ਕਾਲਜ ਦੇ ਫੰਕਸ਼ਨ ਦੀ ਪ੍ਰਧਾਨਗੀ ਕਰਦੇ ਹੋਏ । ਪ੍ਰਿ: ਡਾ. ਗੁਰਦੀਪ ਕੌਰ ਬਰਾੜ, ਆਨਰੇਰੀ ਮੈਨੇਜਰ ਸ: ਸੁਰਜਨ ਸਿੰਘ ਘੁਲਿਆਣੀ ਅਤੇ ਸੰਤ ਭੁਪਿੰਦਰ ਸਿੰਘ ਸੇਵਾ ਪੰਥੀ ਨਾਲ ਨਜ਼ਰ ਆ ਰਹੇ ਹਨ ।




Sri Satguru Jagjit Singh Ji eLibrary NamdhariElibrary@gmail.com